ਮਾਸਿਕ ੴ ਪੱਤਰ

ਵਾਹਿਗੁਰੂ ਜੀ ਕੀ ਫ਼ਤਹਿ॥

# ਸੂਰਾ

ਲੁਧਿਆਣਾ

MONTHLY **SURA** LUDHIANA

ਜੂਨ ੧੯੯੭



JUNE 1997

ਗੁਰਦੁਆਰਾ ਗੁਰੂ ਕੀ ਵਡਾਲੀ (ਪ੍ਰਕਾਸ਼ ਅਸਥਾਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ)

www.AKJ.Org

# ਗੁਰਸਿਖ ਮੀਤ ਚਲਹੁ ਗੁਰ ਚਾਲੀ

## ਤਤਕਰਾ


੧. ਜੁਗਿ ਜੁਗਿ ਸਤਿਗੁਰੂ ਧਰੇ ਅਵਤਾਰੀ ੧
੨. ਧਰਮ ਰਾਇ ਦੀ ਦਰਗਾਹ (੧) ੪
੩. ਸੂਰਾ ਸੋ ਪਹਿਚਾਨੀਐ ੭
੪. ਤੇਜਨਮਤ ਗੁਰਮਤਿ ਬ੍ਰਹਮ ਪਛਾਣਿਓ ੧੧
੫. ਚੋਜੀ ਪ੍ਰੀਤਮ (ਕਵਿਤਾ) ੧੫
੬. ਤਪਤਿ ਮਾਹਿ ਠਾਢਿ ਵਰਤਾਈ ੧੭
੭. ਰਜ ਗੁਣ ਤਮ ਗੁਣ ਸਤ ਗੁਣ ਕਹੀਐ ੨੧
੮. ਮੀਆਂ ਮੀਰ ਤੇ ਗੁਰੂ ਅਰਜਨ ਦੇਵ ਜੀ (ਕਵਿਤਾ) ੨੮
੯. ਸ੍ਰੀ ਗੁਰੂ ਗ੍ਰੰਥ. ਤੇ ਪੰਥ ੨੫
੧੦. ਰਹਿੰਦੇ ਗੁਰ ਦਰੀਆਉ ਵਿਚਿ ੩੧
੧੧ ਮਾਸ ਨਿਸ਼ੇਧ ੩੬
੧੨. ਭੰਗਾਣੀ ਦਾ ਯੁੱਧ-ਉਦਾਸੀ ਮਹੰਤ ਕਿਰਪਾਲ ਦੀ ਜ਼ਬਾਨੀ ੩੭
੧੩. ਸ਼ਹੀਦੀ ਗੁਰੂ ਅਰਜਨ ਦੇਵ ਜੀ (ਕਵਿਤਾ) ੪੦


## ਗੁਰਪੁਰਬ ਤੇ ਇਤਿਹਾਸਕ ਦਿਹਾੜੇ

ਸ਼ਹੀਦੀ ਸ੍ਰੀ ਗੁਰੂ ਅਰਜਨ ਦੇਵ ਜੀ - 9 ਜੂਨ
ਜਨਮ ਸਾਹਿਬਜ਼ਾਦਾ ਫਤਹਿ ਸਿੰਘ ਜੀ - 14 ਜੂਨ
ਜਨਮ ਭਗਤ ਕਬੀਰ ਜੀ - 20 ਜੂਨ
ਪ੍ਰਕਾਸ਼ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ - 21 ਜੂਨ

## ਸੂਰਾ ਦੇ ਚੰਦੇ ਤੇ ਬਕਾਏ ਜਮ੍ਹਾਂ ਕਰਵਾ ਕੇ ਰਸੀਦ ਲਵੋ ਜੀ

੧. ਲੁਧਿਆਣਾ - ਸਬ ਆਫਿਸ "ਸੂਰਾ"- ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ, ਲੁਧਿਆਣਾ।
੨. ਜਲੰਧਰ - ਭਾਈ ਤ੍ਰਿਲੋਕ ਸਿੰਘ ਜੀ, ਮੈ: ਸੰਤ ਸਿੰਘ ਤ੍ਰਿਲੋਕ ਸਿੰਘ, ਚੌਂਕ ਪੰਜ ਪੀਰ।
੩. ਹੁਸ਼ਿਆਰਪੁਰ - ਭਾਈ ਹਰਿਮੰਦਰ ਸਿੰਘ ਜੀ, ਭਾਈ ਸੋਭਾ ਸਿੰਘ ਹਰਿਮੰਦਰ ਸਿੰਘ, ਬੈਂਕ ਬਾਜ਼ਾਰ।
੪. ਪਟਿਆਲਾ - ਭਾਈ ਆਸਾ ਸਿੰਘ ਐਂਡ ਸੰਨਜ਼, ਨੇੜੇ ਗੁਰਦੁਆਰਾ ਦੁਖ ਨਿਵਾਰਨ ਸਾਹਿਬ।
੫. ਚੰਡੀਗੜ੍ਹ ਤੇ ਮੋਹਾਲੀ - ਭਾਈ ਫੌਜਿੰਦਰ ਸਿੰਘ ਜੀ, ੫੩੩/੩ -ਏ ਫ਼ੇਜ਼ ਐਸ. ਏ. ਐਸ. ਨਗਰ, ਮੋਹਾਲੀ।
੬. ਕਪੂਰਥਲਾ - ਭਾਈ ਚਰਨਪਾਲ ਸਿੰਘ, ਸਿੰਘ ਆਰਟਸ, ਨੇੜੇ ਸਟੇਟ ਗੁਰਦੁਆਰਾ ਸਾਹਿਬ।
੭. ਸਾਰੋਂ ਸਮਾ[illegible]ਮੇ - ਭਾਈ ਬਲਵੰਤ ਸਿੰਘ ਖ਼ਾਲਸਾ, ਗਲੀ ਨੰ: ੨, ਕਾਸ਼ੀ ਨਗਰ, ਫਿਰੋਜ਼ਪੁਰ ਸ਼ਹਿਰ।
੮. ਬਠਿੰਡਾ - ਭਾਈ ਬਘੇਲ ਸਿੰਘ (ਗੋਬਿੰਦ ਸਿੰਘ) ਜੀ, ਮਕਾਨ ਨੰ: ੭੮੧੯, ਨੇੜੇ ਡੰਗਰਾਂ ਦਾ ਹਸਪਤਾਲ।
੯. ਮੋਗਾ - ਭਾਈ ਪਰਮਿੰਦਰ ਸਿੰਘ ਜੀ, ਪੁਰਾਣਾ ਗੁਲਾਬੀ ਬਾਗ ਜੀ. ਟੀ. ਰੋਡ ਫੋਨ: ੨੪੩੪੯, ੨੧੬੮੧
੧੦. ਅੰਮ੍ਰਿਤਸਰ - ਸਿੰਘ ਬ੍ਰਦਰਜ਼ ਬਾਜ਼ਾਰ ਮਾਈ ਸੇਵਾ (ਘੰਟਾ ਘਰ ਦੇ ਸਾਹਮਣੇ) ਫੋਨ: ੫੪੫੭੮੭ ਘਰ: ੨੩੧੫੨੦
੧੧. ਯਮੁਨਾਨਗਰ - ਸ੍ਰ: ਪਰਮਜੀਤ ਸਿੰਘ, ਮਦਰਾਸ ਹੈਡਲੂਮ, ਤੱਤਖਾਲਸਾ ਭਵਨ, ਜਗਾਧਰੀ ਰੋਡ ਪਿੰਨ ਕੋਡ-੧੩੫੦੦੧ ਫੋਨ: ੨੬੨੧੭
੧੨. ਸੰਗਰੂਰ - ਭਾਈ ਤ੍ਰਿਲੋਚਨ ਸਿੰਘ ਜੀ, ਪਿੰਡ ਉਪੋਕੀ, ਡਾਕਖਾਨਾ ਮਲੇਰਕੋਟਲਾ।
੧੩. ਫਗਵਾੜਾ - ਮਾ: ਗੁਰਦਿਆਲ ਸਿੰਘ ਜੀ,ਵਿਸ਼ਵਕਰਮਾਂ ਕਲੋਨੀ (ਨੇੜੇ ਵਿਸ਼ਕਰਮਾਂ ਮੰਦਰ) ਬੰਗਾ ਰੋੜ।

ਸੂਚਨਾ - ਹਰ ਐਤਵਾਰ ਸੂਰਾਂ ਦੇ ਚੰਦੇ ਸਿੱਖ ਮਿਸ਼ਨਰੀ ਕਾਲਜ ਦੇ ਸਟਾਲ, ਗੁ. ਮੰਜੀ ਸਾਹਿਬ ਆਲਮਗੀਰ, ਲੁਧਿਆਣਾ ਵਿਖੇ।

## ਵਿਦੇਸ਼ਾਂ ਵਿੱਚ ਚੰਦੇ ਤੇ ਹੋਰ ਰਕਮਾਂ ਜਮ੍ਹਾਂ ਕਰਾਉਣ ਲਈ ਸੰਪਰਕ ਕਰੋ

੧. ਇੰਗਲੈਂਡ - ਭਾਈ ਗੁਰਨਾਮ ਸਿੰਘ ਜੀ ੧੦-Lamboume Gardens, Earley Reading, Berks U.K. Tel. ੦੧੭੩੪-੨੬੭੯੦੦
੨. ਅਮਰੀਕਾ - ਭਾਈ ਜੀਵਨ ਸਿੰਘ ਜੀ, ਕੁਲਦੀਪ ਸਿੰਘ ਜੀ, ਫੋਨ : ੧੮੦੦੭੨੨੬੨੧੨.
੩. ਕੈਨੇਡਾ - ਭਾਈ ਰਿਪੁਦਮਨ ਸਿੰਘ ਜੀ ਮਲਿਕ, ਫੋਨ : ੧੮੦੦੬੬੩੦੨੨੪.
੪. ਆਸਟਰੇਲੀਆ - ਭਾਈ ਪਰਸ਼ੋਤਮ ਸਿੰਘ ਜੀ, ਫੋਨ : ੦੬੧੮੬੩੪੮੪੧.
੫. ਨੀਊਜ਼ੀਲੈਂਡ - ਭਾਈ ਮਹਿੰਦਰ ਸਿੰਘ ਜੀ, ਫੋਨ : ੦੯੨੭੦੨੭੫੫.

## ਉਤਰ ਪ੍ਰਦੇਸ਼ ਵਿਚ ਸੂਰਾ ਦੇ ਸੇਵਾਦਾਰ

ਬਰੇਲੀ ਅਤੇ ਹੋਰ ਲਾਗੇ ਦੇ ਸ਼ਹਿਰਾਂ ਦੇ ਪਾਠਕ ਤੇ ਹੋਰ ਪ੍ਰੇਮੀ ਜਨ ਸੂਰਾ ਦੇ ਚੰਦੇ ਜਾਂ ਹੋਰ ਸਹਾਇਤਾ ਆਦਿ ਹੇਠ ਲਿਖੇ ਪਤੇ ਤੇ ਵੀ ਭੇਜ ਸਕਦੇ ਹਨ:-

ਭਾਈ ਸੁਰਿੰਦਰ ਸਿੰਘ ਜੀ, ਦਸਮੇਸ਼ ਬਿਸਕੁਟ ਬੇਕਰੀ ਕੋਹਾੜਾ ਪੀਰ ਬਰੇਲੀ ਯੂ: ਪੀ:-243003


ਡਿਜ਼ਾਈਨ ਕਰਾਫਟ ਗਿੱਲ ਰੋਡ ਲੁਧਿਆਣਾ ਤੋਂ ਛਪਵਾ ਕੇ ਹਰਬੰਸ ਸਿੰਘ ਪ੍ਰਿੰਟਰ ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ੧੨-ਆਈ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਤੋਂ ਪ੍ਰਕਾਸ਼ਤ ਕੀਤਾ।
ਕੰਪਿਊਟਰ ਟਾਈਪ ਸੈਟਿੰਗ : ਮਾਈਕਰੋਨਿਕਸ ਕੰਪਿਊਟਰਜ ਇੰਡੀਆ, ਡੀ-੯੩, ਬਲਾਕ ੧੬, ਪਾਹਵਾ ਰੋਡ, ਲੁਧਿਆਣਾ।


www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ।।

ਜਿਲਦ ੩੧
ਜੂਨ ੧੯੯੭
ਅੰਕ ੬

# ਸੂਰਾ

SURAMONTHLY

ਅਖੰਡ ਕੀਰਤਨੀ ਜਥੇ ਵਲੋਂ
ਨਿਰੋਲ ਗੁਰਮਤਿ ਮਾਸਿਕ ਪੱਤਰ

ਸਾਲਾਨਾ ਚੰਦਾ — ਦੇਸ਼ : ੩੦.੦੦, ਵਿਦੇਸ਼ :ਸਮੁੰਦਰੀ ਡਾਕ......੧੦੦.੦੦, ਹਵਾਈ ਡਾਕ.......੩੦੦.੦੦
ਅਮਾਨਤੀ ਲਾਈਫ ਮੈਂਬਰਸ਼ਿਪ — ਦੇਸ਼ :੩੦੦.੦੦, ਵਿਦੇਸ਼ :ਸਮੁੰਦਰੀ ਡਾਕ...੧,੦੦੦.੦੦, ਹਵਾਈ ਡਾਕ.....੩,੦੦੦.੦੦
ਚੰਦਾ ਭੇਜਣੇ ਦਾ ਪਤਾ — 'ਸੂਰਾ' ਮਾਸਿਕ ਪੱਤਰ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ – ੧੪੧੦੦੨ (ਇੱਕ ਕਾਪੀ .... ੩.੦੦)

## ਜੁਗਿ ਜੁਗਿ ਸਤਿਗੁਰ ਧਰੇ ਅਵਤਾਰੀ

*ਪੰਜਿ ਪਿਆਲੇ, ਪੰਜਿ ਪੀਰੁ, ਛਟਮ ਪੀਰੁ ਬੈਠਾ ਗੁਰੁ ਭਾਰੀ।।*
*ਅਰਜਨ ਕਾਇਆ ਪਲਟਿ ਕੈ, ਮੂਰਤਿ ਹਰਿ ਗੋਬਿੰਦ ਸਵਾਰੀ।।*
*ਚਲੀ ਪੀੜੀ ਸੋਢੀਆ, ਰੂਪ ਦਿਖਾਵਣ ਵਾਰੋ ਵਾਰੀ।।*
*ਦਲ-ਭੰਜਨ ਗੁਰੁ ਸੂਰਮਾ, ਵਡ ਜੋਧਾ ਬਹੁ ਪਰਉਪਕਾਰੀ।।*
*ਪੁਛਨਿ ਸਿਖ ਅਰਦਾਸਿ ਕਰਿ, ਛਿਅ ਮਹਿਲਾਂ ਤਕਿ ਦਰਸੁ ਨਿਹਾਰੀ।।*
*ਅਗਮ ਅਗੋਚਰ ਸਤਿਗੁਰੂ, ਬੋਲੇ ਮੁਖ ਤੇ ਸੁਣਹੁ ਸੰਸਾਰੀ।।*
*ਕਲਿਜੁਗਿ ਪੀੜੀ ਸੋਢੀਆਂ ਨਿਹਚਲ ਨੀਵ ਉਸਾਰਿ ਖਲਾਰੀ।।*
*ਜੁਗਿ ਜੁਗਿ ਸਤਿਗੁਰ ਧਰੇ ਅਵਤਾਰੀ।।* (ਭਾਈ ਗੁਰਦਾਸ ਜੀ ਵਾਰ ੧,ਪਉੜੀ ੪੮)

(ਆਸਾ ਮਹਲਾ ੫)(੩੯੬)

ਸਤਿਗੁਰ ਸਾਚੈ ਦੀਆ ਭੇਜਿ।। ਚਿਰੁ ਜੀਵਨੁ ਉਪਜਿਆ ਸੰਜੋਗਿ।।
ਉਦਰੈ ਮਾਹਿ ਆਇ ਕੀਆ ਨਿਵਾਸੁ।।ਮਾਤਾ ਕੈ ਮਨਿ ਬਹੁਤੁ ਬਿਗਾਸੁ।।੧।।
ਜੰਮਿਆ ਪੂਤੁ ਭਗਤੁ ਗੋਵਿੰਦ ਕਾ।। ਪ੍ਰਗਟਿਆ ਸਭ ਮਹਿ ਲਿਖਿਆ ਧੁਰ ਕਾ ।।ਰਹਾਉ।।
ਦਸੀ ਮਾਸੀ ਹੁਕਮਿ ਬਾਲਕ ਜਨਮੁ ਲੀਆ।।ਮਿਟਿਆ ਸੋਗੁ ਮਹਾ ਅਨੰਦ ਥੀਆ।।
ਗੁਰਬਾਣੀ ਸਖੀ ਅਨੰਦੁ ਗਾਵੈ।। ਸਾਚੇ ਸਾਹਿਬ ਕੈ ਮਨਿ ਭਾਵੈ।।੨।।
ਵਧੀ ਵੇਲਿ ਬਹੁ ਪੀੜੀ ਚਾਲੀ।। ਧਰਮ ਕਲਾ ਹਰਿ ਬੰਧਿ ਬਹਾਲੀ।।
ਮਨ ਚਿੰਦਿਆ ਸਤਿਗੁਰੂ ਦਿਵਾਇਆ।। ਭਏ ਅਚਿੰਤ ਏਕ ਲਿਵ ਲਾਇਆ।।੩।।
ਜਿਉ ਬਾਲਕੁ ਪਿਤਾ ਊਪਰਿ ਕਰੇ ਬਹੁ ਮਾਣੁ।। ਬੁਲਾਇਆ ਬੋਲੈ ਗੁਰ ਕੈ ਭਾਣਿ।।
ਗੁਝੀ ਛੰਨੀ ਨਾਹੀ ਬਾਤ।।ਗੁਰੁ ਨਾਨਕ ਤੁਠਾ ਕੀਨੀ ਦਾਤਿ।।੪।।੭।।੧੦੧।।



www.AKJ.Org

**ਇਤਿਹਾਸਕ ਪਿਛੋਕੜ:-**

ਇਹ ਸ਼ਬਦ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ (ਗੁਰੂ) ਹਰਿ ਗੋਬਿੰਦ ਜੀ ਦੇ ਜਨਮ ਸਮੇ ', ਅਕਾਲ ਪੁਰਖ ਦੇ ਸ਼ੁਕਰਾਨੇ ਵਜੋਂ ਉਚਾਰਨ ਕੀਤਾ। ਸਤਿਗੁਰੂ ਅਰਜਨ ਦੇਵ ਜੀ ਸ਼ਾਂਤੀ ਦੇ ਪੁੰਜ ਆਪਣੇ ਭਰਾਤਾ ਪ੍ਰਿਥੀਚੰਦ ਦੀ ਈਰਖਾ ਤੇ ਵੈਰ-ਵਿਰੋਧ ਦਾ ਸ਼ਾਂਤ-ਚਿਤ ਰਹਿ ਕੇ ਸਹਿਨ-ਸ਼ੀਲਤਾ ਸਹਿਤ ਟਾਕਰਾ ਕਰੀ ਜਾ ਰਹੇ ਸਨ। ਪਰ ਪ੍ਰਿਥੀਚੰਦ ਦੀ ਈਰਖਾ ਤੇ ਸੜੇਵਾਂ ਦਿਨੋ ਦਿਨ ਵਧਦਾ ਜਾ ਰਿਹਾ ਸੀ, ਜਿਸ ਕਾਰਨ ਨਿਤ ਨਵੀਆਂ ਸਾਜ਼ਸ਼ਾਂ ਘੜੀਆਂ ਜਾਂਦੀਆਂ ਸਨ। ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵਿਆਹ ਹੋਏ ਨੂੰ ੧੪ਸਾਲ ਬੀਤ ਚੁਕੇ ਸਨ, ਪਰ ਕੋਈ ਸੰਤਾਨ ਨਹੀਂ ਸੀ ਹੋਈ। ਕਪਟ-ਖ਼ਿਆਲੀ ਪ੍ਰਿਥੀ ਚੰਦ ਇਹ ਆਸ ਲਾਈ ਬੈਠਾ ਸੀ ਕਿ ਇਨ੍ਹਾਂ ਦੇ ਤਾਂ ਕੋਈ ਔਲਾਦ ਨਹੀਂ, ਅਖ਼ੀਰ ਸਭ ਕੁਝ ਸਾਡਾ ਹੀ ਹੈ। ਇਸੇ ਤਰ੍ਹਾਂ ਉਸ ਦੀ ਘਰ ਵਾਲੀ 'ਕਰਮੋ' ਮਾਤਾ ਗੰਗਾ ਜੀ ਨੂੰ ਤਾਹਨੇ-ਮਿਹਣੇ ਤੇ ਔਲਾਦ ਤੋਂ ਅਫਲ ਰਹਿਣ ਦੀਆਂ ਬੋਲੀਆਂ ਮਾਰਦੀ ਰਹਿੰਦੀ ਸੀ। ਇਨ੍ਹਾਂ ਬੋਲੀਆਂ ਤੋਂ ਤੰਗ ਆ ਕੇ ਮਾਤਾ ਜੀ ਨੇ ਸਤਿਗੁਰੂ ਜੀ ਪਾਸ ਜੋਦੜੀ ਕੀਤੀ ਕਿ ਹੁਣ ਸ਼ਰੀਕਾ ਦੀਆਂ ਬੋਲੀਆਂ ਨਹੀਂ ਸਹਾਰੀਆਂ ਜਾਂਦੀਆਂ, ਬਖ਼ਸ਼ਸ਼ ਕਰੋ। ਸਤਿਗੁਰੂ ਮੁਸਕਰਾਏ ਅਤੇ ਬੜੇ ਧੀਮੇ ਜਿਹੇ ਮਿਠੇ ਬਚਨਾਂ ਵਿਚ ਆਖਿਓਨੇ ਕਿ ਬਾਬਾ ਬੁੱਢਾ ਜੀ ਬ੍ਰਹਮ ਗਿਆਨੀ ਹਨ, ਓਨ੍ਹਾਂ ਦੀ ਸੇਵਾ ਕਰੋ। ਉਹ ਪ੍ਰਸੰਨਤਾ ਵਿਚ ਆ ਕੇ ਬਖ਼ਸ਼ਸ਼ ਕਰਨਗੇ।

ਸਾਖੀ ਇਉਂ ਆਉਂਦੀ ਹੈ ਕਿ ਪਹਿਲਾਂ ਮਾਤਾ ਜੀ ਰਥ ਵਿਚ ਬੈਠ ਕੇ ਕਈ ਦਾਸੀਆਂ ਸਮੇਤ ਦਰਸ਼ਨਾਂ ਨੂੰ ਗਏ ਅਤੇ ਕਈ ਤਰ੍ਹਾਂ ਦੇ ਪਦਾਰਥ ਬਾਬਾ ਜੀ ਲਈ ਲੈ ਕੇ ਗਏ । ਬਾਬਾ ਜੀ ੧੩-੧੪ ਮੀਲ ਦੀ ਵਿੱਥ ਤੇ ਬੀੜ ਸਾਹਿਬ ਬਿਰਾਜਦੇ ਸਨ। ਦੂਰੋਂ ਧੂੜ ਉਡਦੀ ਵੇਖ ਕੇ ਬਾਬਾ ਜੀ ਨੇ ਨਾਲ ਦੇ ਸਿਖਾਂ ਨੂੰ ਪੁਛਿਆ ਕਿ ਇਹ ਧੂੜ ਕਾਹਦੀ ਹੈ ਤਾਂ ਸਿਖਾਂ ਆਖਿਆ ਕਿ 'ਗੁਰੂ ਕੇ' ਆ ਰਹੇ ਹਨ। ਬਾਬਾ ਜੀ ਨੇ ਸਹਿਜ ਸੁਭਾਇ ਬਚਨ ਕੀਤਾ ਕਿ ਗੁਰੂ ਕਿਆਂ ਨੂੰ ਕੀ ਭਾਜੜਾਂ ਪੈ ਗਈਆਂ ! ਗੁਰਸਿਖਾਂ ਨੇ ਬਾਬਾ ਜੀ ਦੇ ਇਹੋ ਬਚਨ ਮਾਤਾ ਜੀ ਨੂੰ ਜਾ ਦਸੇ ਤਾਂ ਉਹ ਬੜੇ ਪ੍ਰੇਸ਼ਾਨ ਹੋਏ। ਦਰਸ਼ਨ ਕਰ ਕੇ ਸਤਿਗੁਰਾਂ ਪਾਸ ਵਾਪਸ ਆ, ਸਾਰੀ ਵਾਰਤਾ ਸੁਣਾਈ ਅਤੇ ਦਸਿਆ ਕਿ ਬਾਬਾ ਜੀ ਦੇ ਸਹਿਜ ਸੁਭਾਇ ਬਚਨਾਂ ਅਨੁਸਾਰ ਤਾਂ ਗੁਰੂ ਕਿਆਂ ਨੂੰ ਭਾਜੜਾਂ ਪੈਣੀਆਂ ਮਿਲ ਗਈਆਂ ਹਨ।

ਸਤਿਗੁਰੂ ਪਾਤਸ਼ਾਹ ਪਿਆਰ-ਰੰਗਾਂ ਵਿਚ ਆਏ ਅਤੇ ਦਿਆਲਤਾ ਵਿਚ ਬੋਲੇ ਕਿ ਮਹਾਂ ਪੁਰਖਾਂ ਦੇ ਦਰਸ਼ਨਾਂ ਲਈ ਨੰਗੀਂ ਪੈਰੀਂ ਪੈਦਲ ਜਾਣਾ ਬਣਦਾ ਹੈ। ਹਥੀਂ ਕਾਰ ਕਮਾ ਕੇ ਲੰਗਰ ਤਿਆਰ ਕਰੋ ਤੇ ਬਾਬਾ ਜੀ ਲਈ ਮਿਸੇ ਪਰਸ਼ਾਦੇ, ਲੱਸੀ ਦਾ ਮਟਕਾ ਅਤੇ ਗੰਢੇ ਸਿਰ ਤੇ ਚੁਕ ਕੇ ਨਿਮਰੀ-ਭੂਤ ਹੋ ਕੇ ਜਾਓ। ਨਿਰਮਾਣ ਸੇਵਾ ਰਾਹੀਂ ਹੀ ਬਖ਼ਸ਼ਸ਼ ਪ੍ਰਾਪਤ ਹੁੰਦੀ ਹੈ।

ਹੁਣ ਮਾਤਾ ਜੀ ਨੇ ਆਪਣੇ ਹੱਥੀਂ ਚੱਕੀ ਨਾਲ ਆਟਾ ਪੀਠਾ, ਆਟਾ ਗੁੰਨ੍ਹ ਕੇ ਮਿਸੇ ਪਰਸ਼ਾਦੇ ਸਜਾਏ। ਪਰਸ਼ਾਦੇ ਤੇ ਲੱਸੀ ਦਾ ਮਟਕਾ ਸਿਰ ਤੇ ਚੁਕੇ ਕੇ, ੧੩ ਮੀਲ ਪੰਧ ਕਰ ਕੇ ਇਕੱਲਿਆਂ ਹੀ ਬਾਬਾ ਬੁੱਢਾ ਜੀ ਦੀ ਸੇਵਾ ਵਿਚ ਹਾਜ਼ਰ ਹੋਏ। ਬਾਬਾ ਜੀ ਮਾਤਾ ਗੰਗਾ ਜੀ ਨੂੰ ਇਸ ਤਰ੍ਹਾਂ ਆਉਂਦਿਆਂ ਦੇਖ ਕੇ ਬਹੁਤ ਕ੍ਰਿਤ -ਕ੍ਰਿਤ ਹੋਏ ਤੇ ਆਖਿਓਨੇ ਕਿ ਮਾਤਾ ਜੀ ਛੇਤੀ ਪਰਸ਼ਾਦ ਛਕਾਓ, ਬਹੁਤ ਭੁੱਖ ਲਗੀ ਹੈ। ਬਾਬਾ ਜੀ ਅਨੰਦ ਮਗਨ ਹੋ ਕੇ ਪਰਸ਼ਾਦ ਛਕੀ ਜਾ ਰਹੇ ਹਨ, ਗੰਢੇ ਮੁੱਕੀ ਨਾਲ ਭੰਨ ਰਹੇ ਹਨ ਅਤੇ ਮੂੰਹੋਂ ਬਚਨ ਕਰਦੇ ਹਨ, "ਮਾਤਾ ਜੀ, ਆਪ ਦੇ ਗ੍ਰਹਿ ਅਜਿਹਾ ਬਲੀ ਜਨਮੇਗਾ ਜੋ ਤੁਰਕਾਂ ਦੇ ਸਿਰ ਇਨ੍ਹਾਂ ਗੰਢਿਆਂ ਵਾਂਗ ਭੰਨੇਗਾ।" ਬਾਬਾ ਜੀ ਦੇ ਉਪਰੋਕਤ ਵਾਕ ਇੰਨ-ਬਿੰਨ ਪੂਰਨ ਹੋਏ।

ਪ੍ਰਿਥੀਚੰਦ ਦੀ ਈਰਖਾ ਤੇ ਵਿਰੋਧੀ ਡੰਗਾਂ ਤੋਂ ਲਾਂਭੇ ਹੋਣ ਲਈ ਸਤਿਗੁਰੂ ਅਰਜਨ ਦੇਵ ਜੀ ਮਾਤਾ ਗੰਗਾ ਜੀ ਸਮੇਤ ਸ੍ਰੀ ਅੰਮ੍ਰਿਤਸਰ ਤੋਂ ਲਹਿੰਦੇ ਪਾਸੇ ਛੇ ਸਤ ਮੀਲ ਦੀ ਵਿਥ ਤੇ ਵਡਾਲੀ ਸਾਹਿਬ ਆ ਟਿਕੇ। ਇਥੇ ਹੀ ਜੂਨ ੧੫੯੫ ਵਿਚ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਦਾ ਜਨਮ ਹੋਇਆ। ਸਤਿਗੁਰੂ ਪਾਤਸ਼ਾਹ ਉਸ ਸਮੇਂ ਮਾਝੇ ਦੇ ਪਿੰਡਾਂ ਵਿਚ ਪਰਚਾਰ ਹਿਤ ਵਿਚਰ ਰਹੇ ਸਨ। ਸਾਹਿਬਜਾਦੇ ਦੇ ਜਨਮ ਦੀ ਸੋਇ ਸੁਣ ਕੇ ਆਪ ਜੀ ਅਕਾਲ ਪੁਰਖ ਦੇ ਸ਼ੁਕਰਾਨੇ ਵਿਚ ਜੁੜ ਗਏ ਤੇ ਉਪਰੋਕਤ ਸ਼ਬਦ ਉਚਾਰਨ ਕੀਤਾ।

ਅਕਾਲ ਪੁਰਖ ਦੀ ਗੋਦੀ ਦਾ ਅਨੰਦ ਮਾਣਦੇ ਹੋਏ ਆਪ ਜੀ ਬਿਨੈ ਕਰਦੇ ਹਨ ਕਿ

**ਵਿਆਖਿਆ:-**

ਸਚ-ਸਰੂਪ ਗੁਰੂ ਨਾਨਕ ਜੀ ਨੇ ਆਪ ਕਿਰਪਾ ਕੀਤੀ ਹੈ ਅਤੇ ਗੁਰੂ ਹਰਿ ਗੋਬਿੰਦ ਸਾਹਿਬ ਨੂੰ ਸਚੀ ਦਰਗਾਹ ਤੋਂ ਮਾਤ ਲੋਕ ਵਿਖੇ ਭੇਜ ਦਿੱਤਾ ਹੈ। ਇਹ ਬਾਲਕ ਪੂਰਬਲੇ ਸੰਜੋਗਾਂ ਕਾਰਨ ਸਾਡੇ ਗ੍ਰਹਿ ਵਿਖੇ ਉਪਜਿਆ ਹੈ, ਜੋ ਚਿਰ-


www.AKJ.Org

ਜੀਵਨ ਵਾਲਾ ਜੁਗਾਂ ਜੁਗਾਂਤਰਾਂ ਤਕ ਕਾਇਮ ਹੈ। ਐਸੇ ਚਿਰ-ਜੀਵੀ ਬਾਲਕ ਨੇ ਮਾਤਾ ਦੇ ਪੇਟ ਵਿਚ ਆ ਕੇ ਨਿਵਾਸ ਲਿਆ, ਜਿਸ ਕਾਰਨ ਮਾਤਾ ਜੀ ਦੇ ਮਨ ਵਿਚ ਅਤਯੰਤ ਹੁਲਾਸ, ਖੇੜਾ ਤੇ ਬਿਗਾਸ ਬਿਗਸਿਆ ਹੈ।

ਇਹ ਬਾਲਕ ਜੋ ਜਨਮਿਆ ਹੈ, ਇਹ ਕੋਈ ਸਧਾਰਨ ਜੀਵ ਨਹੀਂ, ਸਗੋਂ ਇਹ ਤਾਂ ਗੋਬਿੰਦ ਪ੍ਰਭੂ ਦਾ ਭਗਤ ਹੈ, ਉਸ ਦਾ ਖ਼ਾਸੁਲ ਖ਼ਾਸ ਆਪਣਾ ਪਿਆਰਾ ਹੈ। ਇਹ ਗੱਲ ਸਾਰੀ ਸੰਗਤ ਵਿਚ ਪ੍ਰਗਟ ਹੋ ਗਈ ਹੈ ਅਤੇ ਇਹ ਸਾਰੀ ਖੇਡ ਧੁਰ ਦੀ ਲਿਖੀ ਹੋਈ ਹੈ।

ਅਕਾਲ ਪੁਰਖ ਦੇ ਹੁਕਮ ਨਾਲ ਦਸਾਂ ਮਹੀਨਿਆਂ ਪਿਛੋਂ ਬਾਲਕ ਨੇ ਜਨਮ ਲਿਆ। ਸਭ ਦੇ ਹਿਰਦਿਆਂ ਵਿਚ ਜੋ ਸੋਗ ਛਾਇਆ ਹੋਇਆ ਸੀ, ਉਹ ਬਾਲਕ ਦੇ ਜਨਮ ਲੈਣ ਨਾਲ ਦੂਰ ਹੋ ਗਿਆ, ਸਭ ਦੇ ਵਿਸੂਰੇ ਤੇ ਹਾਵੇ ਮਿਟ ਗਏ ਅਤੇ ਸਭ ਪਾਸੇ ਅਨੰਦ ਹੀ ਅਨੰਦ ਛਾ ਗਿਆ। ਸਭ ਗੁਰਸਿਖ-ਸਖੀਆਂ ਇਸ ਖ਼ੁਸ਼ੀ ਤੇ ਮੰਗਲ ਸਮੇਂ 'ਅਨੰਦੁ' ਗਾਂਉਂਦੀਆਂ ਹਨ ਅਤੇ ਉਹ ਐਸਾ ਅਨੰਦ ਗਾਂਉਂਦੀਆਂ ਹਨ ਜੋ ਸਚੇ ਸਾਹਿਬ ਅਕਾਲ ਪੁਰਖ ਦੇ ਮਨ ਵਿਚ ਭਾਉਂਦਾ ਹੈ।

ਬਾਲਕ ਦੇ ਜਨਮ ਲੈਣ ਨਾਲ ਗੁਰਸਿਖਾਂ ਦੀ ਸੰਭਾਲ ਕਰਨ ਲਈ ਪਰਵਾਰ ਵਿਚ ਵਾਧਾ ਹੋਇਆ ਹੈ ਅਤੇ ਗੁਰੂ-ਕੁਲ ਦੇ ਖ਼ਾਨਦਾਨ ਦੀਆਂ ਅਗਲੀਆਂ ਪੁਸ਼ਤਾਂ ਦਾ ਸਿਲਸਿਲਾ ਜਾਰੀ ਰਹਿ ਰਿਹਾ ਹੈ। ਅਕਾਲ ਪੁਰਖ ਸਿਰਜਣਹਾਰ ਨੇ ਆਪ ਬਖ਼ਸ਼ਸ਼ ਕਰ ਕੇ ਧਰਮ ਦੇ ਪਰਬੰਧ ਨੂੰ ਕਾਇਮ ਰਖਣ ਦਾ ਇਹ ਪਰਬੰਧ ਕੀਤਾ ਹੈ। ਸਤਿਗੁਰੂ ਗੁਰੂ ਨਾਨਕ ਪਾਤਸ਼ਾਹ ਨੇ ਆਪ ਕਿਰਪਾ ਕਰ ਕੇ ਮਨ-ਇਛੱਤ ਮੁਰਾਦਾਂ ਪੂਰੀਆਂ ਕੀਤੀਆਂ ਹਨ ਅਤੇ ਬਾਲਕ ਦੀ ਦਾਤ ਬਖ਼ਸ਼ੀ ਹੈ। ਇਸ ਅਨੰਦ-ਪ੍ਰਾਪਤੀ ਨਾਲ ਸਭ ਚਿੰਤ-ਵਿਸੂਰੇ ਮਿਟ ਗਏ ਹਨ ਅਤੇ ਅਚਿੰਤ, ਬੇ-ਫ਼ਿਕਰ ਹੋ ਕੇ ਇਕ ਵਾਹਿਗੁਰੂ ਜੀ ਦੇ ਚਰਨਾਂ ਦੀ ਲਿਵ ਲਗ ਗਈ ਹੈ।

ਜਿਵੇਂ ਬਾਲਕ ਨੂੰ ਆਪਣੇ ਪਿਤਾ ਉਪਰ ਬੇਅੰਤ ਮਾਣ ਹੁੰਦਾ ਹੈ ਇਵੇਂ ਹੀ ਮੇਰੇ ਸਾਹਿਬ ਜੀ, ਦਾਸ ਨੂੰ ਆਪ ਉਪਰ ਅਤਯੰਤ ਮਾਣ ਹੈ ਅਤੇ ਜਿਵੇਂ ਆਪ ਨੂੰ ਭਾਉਂਦਾ ਹੈ ਤਿਵੇਂ ਤੇਰਾ ਬੋਲਾਇਆ ਹੋਇਆ ਬੋਲਦਾ ਹਾਂ। ਇਹ ਗੱਲ ਹੁਣ ਲੁਕੀ ਛਿਪੀ ਨਹੀਂ, ਪਰਗਟ-ਪਹਾਰੇ ਹੈ ਕਿ ਗੁਰੂ ਨਾਨਕ ਨਿਰੰਕਾਰ ਆਪ ਤਰੁੱਠਾ ਹੈ ਅਤੇ ਉਸ ਨੇ ਇਹ ਬਾਲਕ ਦੀ ਦਾਤ ਬਖ਼ਸ਼ਸ਼ ਕੀਤੀ ਹੈ। ਇਸ ਤਰ੍ਹਾਂ ਗੁਰੂ ਅਰਜਨ ਦੇਵ ਜੀ ਅਕਾਲ ਪੁਰਖ ਦਾ ਧੰਨਵਾਦ ਕਰਦੇ ਹੋਏ ਵਾਹਿਗੁਰੂ ਜੀ ਵਿਚ ਲਿਵ ਜੋੜ ਕੇ ਚਰਨ-ਕਮਲਾਂ ਦੇ ਅਨੰਦ ਨੂੰ ਮਾਣੀ ਜਾਂਦੇ ਹਨ।

ਸ਼ਬਦ ਦਾ ਭਾਵ :-

ਗੁਰਬਾਣੀ ਵਿਚ ਉਚਾਰੇ ਗਏ ਹਰ ਇਕ ਸ਼ਬਦ, ਖ਼ਿਆਲ ਜਾਂ ਭਾਵ ਸੰਬੰਧ ਹਰੇਕ ਜੀਵ ਦੇ ਨਾਲ ਸਿੱਧਾ ਤੇ ਪਰਮਾਰਥੀ ਹੈ, ਜਿਹਾ ਕਿ ਫ਼ੁਰਮਾਨ ਹੈ :-

ਪਰਥਾਇ ਸਾਖੀ ਮਹਾਪੁਰਖ ਬੋਲਦੇ
ਸਾਝੀ ਸਗਲ ਜਹਾਨੈ॥

ਉਪਰੋਕਤ ਸ਼ਬਦ ਵਿਚ ਵੀ ਇਹੋ ਨਿਯਮ ਤੇ ਭਾਵ ਸਪੱਸ਼ਟ ਹੈ ਕਿ ਨਾਮ ਦਾ ਹਿਰਦੇ ਵਿਚ ਵਸਰਸ ਕੇ ਜੋਤ ਦਾ ਪਰਗਟ ਹੋਣਾ ਮਾਤਾ ਦੇ ਗਰਭ ਤੋਂ ਬੱਚੇ ਦੇ ਜਨਮ ਲੈਣ ਦੀ ਨਿਆਈ ਹੈ। ਬਸ ਸਾਰਾ ਸ਼ਬਦ ਇਸੇ ਕੇਂਦਰਤ ਭਾਵ ਦੇ ਸਨਮੁਖ ਹੋਇਆ ਹੈ। ਸਭ ਘਟਨਾਵਾਂ ਤੇ ਖ਼ੁਸ਼ੀਆਂ ਇਕੋ ਇਕ ਉਪਰੋਕਤ ਭਾਵ ਦੇ ਮੰਗਲਾਚਾਰ, ਖ਼ੁਸ਼ੀਆਂ ਤੇ ਸਦ-ਵਿਗਾਸ ਵਿਚ ਉਚਾਰਨ ਹੋਈਆਂ ਵੀਆਂ ਹਨ। ਅਕਾਲ ਪੁਰਖ ਦੇ ਹੁਕਮ ਨਾਲ ਜੀਵ ਇਸ ਸੰਸਾਰ ਵਿਚ ਆਉਂਦਾ ਹੈ। ਇਥੇ ਸਤਿਗੁਰੂ ਦੀ ਬਖ਼ਸ਼ਿਸ਼ ਨਾਲ ਸੰਗਤ ਪ੍ਰਾਪਤ ਹੁੰਦੀ ਹੈ ਜਿਸ ਨਾਲ ਗੁਰਮੁਖ ਹਿਰਦੇ ਵਿਚ ਅਟੱਲ ਆਤਮਕ ਜੀਵਨ ਪੈਦਾ ਹੁੰਦਾ ਹੈ। ਜਿਵੇਂ ਜਦੋਂ ਮਾਂ ਦੇ ਪੇਟ ਵਿਚ ਬੱਚਾ ਆ ਨਿਵਾਸ ਕਰਦਾ ਹੈ ਤਾਂ ਮਾਂ ਦੇ ਮਨ ਵਿਚ ਬਹੁਤ ਖ਼ੁਸ਼ੀ ਹੁੰਦੀ ਹੈ ਤਿਵੇਂ ਸਿਖ ਦੇ ਹਿਰਦੇ ਅੰਦਰ ਆਤਮਕ ਜੀਵਨ-ਜੋਤ ਦਾ ਪਰਗਟ ਹੋਣਾ ਅਨੰਦ, ਵਿਗਾਸ ਤੇ ਖ਼ੁਸ਼ੀਆਂ ਪੈਦਾ ਕਰਦਾ ਹੈ। ਫਿਰ ਵਡਭਾਗੇ ਗੁਰਸਿਖ ਦੀ ਸੁਰਤੀ ਦੀ ਸੱਚੀ ਲਿਵ ਪਰਮਾਤਮਾ ਨਾਲ ਜੁੜ ਜਾਂਦੀ ਹੈ ਅਤੇ ਮਨ-ਇੱਛਤ ਫਲ ਪ੍ਰਾਪਤ ਹੁੰਦੇ ਹਨ। ਇਹੋ ਵਧ ਰਹੀ ਵੇਲ ਤੇ ਚਲ ਰਹੀ ਪੀੜ੍ਹੀ ਹੈ। ਸੱਚੀਆਂ ਸੁਹਾਗਵੰਤੀਆਂ ਦਾ ਵਾਧਾ ਹੋਣਾ ਹੀ ਜੁਗੋ ਜੁਗ ਪੀੜ੍ਹੀ ਚਲਣੀ ਹੈ। ਧਰਮ-ਕਲਾ ਦਾ ਹਿਰਦ-ਸੁਹਿਰਦੀ ਸੁਰਜੀਤ ਰਹਿਣਾ ਸੱਚਾ ਬੰਨ੍ਹਣ ਹੈ। ਅਜਿਹਾ ਵਰਤਾਰਾ ਲੁਕਾਇਆਂ ਨਹੀਂ ਲੁਕ ਸਕਦਾ, ਕਿਉਂਕਿ ਸੱਚੀ ਦਰਗਾਹ ਤੋਂ ਸਤਿਗੁਰੂ ਦੁਆਰਾ ਇਹ ਬਖ਼ਸ਼ਸ਼ਾਂ ਹੋਈਆਂ ਹੁੰਦੀਆਂ ਹਨ, ਜੋ ਸਦੀਵੀ ਤੇ ਚਿਰੰਜੀਵ ਕਾਇਮ ਦਾਇਮ ਰਹਿੰਦੀਆਂ ਹਨ। ਇਹੋ ਹੀ ਸਤਿਗੁਰ ਗੁਰੂ ਨਾਨਕ ਸਾਹਿਬ ਜੀ ਦਾ ਤਰੁੱਠਣਾ ਅਤੇ ਦਾਤ ਬਖ਼ਸ਼ਣਾ ਹੈ।


www.AKJ.Org

# ਧਰਮ ਰਾਇ ਦੀ ਦਰਗਾਹ (੧)

(ਵਲੋਂ-ਗੁਰਪੁਰਿ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ)

ਵੇਪਰਵਾਹੁ ਅਗੋਚਰੁ ਆਪਿ।।
ਆਠ ਪਹਰ ਮਨ ਤਾ ਕਉ ਜਾਪਿ।।
ਜਿਸੁ ਚਿਤਿ ਆਏਬਿਨਸਹਿ ਦੁਖਾ।।
ਹਲਤਿ ਪਲਤਿ ਤੇਰਾ ਊਜਲ ਮੁਖਾ।।੩।।
(ਰਾਮਕਲੀ ਮ: ੫, ਪੰਨਾ ੮੯੬)

ਇਹ ਲੋਕੇ ਸੁਖੁ ਪਾਇਆ।।
ਨਹੀ ਭੇਟਤ ਧਰਮ ਰਾਇਆ।।
(ਰਾਮਕਲੀ ਮ: ੫, ਪੰਨਾ ੮੯੮)

ਇਹ ਉਪਰ ਦਿਤੇ ਪ੍ਰਮਾਣ ਨਾ ਸਿਰਫ਼ ਅਗਲੀ ਦਰਗਾਹ ਦਾ ਹੀ ਪੱਕਾ ਪਤਾ ਦਿੰਦੇ ਹਨ, ਸਗੋਂ ਇਹ ਭੀ ਸਪੱਸ਼ਟ ਕਰਦੇ ਹਨ ਕਿ ਨਾਮ ਦੀਆਂ ਕਮਾਈਆਂ ਬਿਨਾਂ ਗਰਭ ਜੂਨਾਂ ਵਿਚ ਮੁੜ ਮੁੜ ਪੈਣਾ ਪੈਂਦਾ ਹੈ ਅਤੇ ਧਰਮ ਰਾਇ ਦਾ ਲੇਖਾ ਭੀ ਦੇਣਾ ਪੈਂਦਾ ਹੈ। ਗੁਰਮਤਿ ਅੰਦਰ ਇਹ ਗੱਲ ਮੰਨੀ-ਪ੍ਰਮੰਨੀ ਹੈ ਕਿ ਧਰਮ ਰਾਇ ਅਕਾਲ ਪੁਰਖ ਦਾ ਕੀਤਾ ਹੋਇਆ, ਥਾਪਿਆ ਹੋਇਆ, ਹੁਕਮੇ ਅੰਦਰ ਸਭ ਜੀਵਾਂ ਦੇ ਕਰਮਾਂ ਦਾ ਨਿਆਉਂ ਨਿਬੇੜਨ ਲਈ ਇਕ ਵਾਸਤਵੀ ਸ਼ਖ਼ਸੀਅਤ (ਹਸਤੀ) ਹੈ, ਜੋ ਅਗਲੀ ਦਰਗਾਹ ਅੰਦਰ ਸਭ ਤੋਂ ਲੇਖਾ ਲੈਂਦਾ ਹੈ। ਸਿਵਾਏ ਉਨ੍ਹਾਂ ਗੁਰਮੁਖਾਂ, ਗੁਰੂ ਦੇ ਤਾਰੇ ਨਿਸਤਾਰੇ ਨਰਾਂ ਦੇ, ਜਿਨ੍ਹਾਂ ਨੂੰ ਸਤਿਗੁਰੂ ਨਾਨਕ-ਦਸਮੇਸ਼ ਜੀ ਨੇ ਅਪਣਾ ਕੇ ਲੜ ਲਾਇ ਲਿਆ ਹੈ, ਮਤ ਕੋਈ ਇਹ ਗੁਮਾਨ ਕਰੇ ਕਿ ਐਥੇ ਇਸ ਲੋਕ ਵਿਚ ਹੀ ਜੋ ਕੁਝ ਹੈ, ਸੋ ਹੈ, ਅਗਲੀ ਦਰਗਾਹ ਤੇ ਦਰਗਾਹੀ ਲੇਖੇ ਸਭ ਕਲਪਤੀ ਗੱਲਾਂ ਹੀ ਹਨ। ਕੀ ਸਤਿਗੁਰੂ ਸੱਚੇ ਪਾਤਸ਼ਾਹ ਨੇ ਧੁਰੋਂ ਆਈ ਸਚੀ ਬਾਣੀ ਅੰਦਰ ਅਗਲੀ ਦਰਗਾਹ ਸਬੰਧੀ ਐਵੇਂ ਕਲਪਤ ਖ਼ਿਆਲ ਹੀ ਖ਼ਿਆਲੇ ਹਨ ? ਹਰਗਿਜ਼ ਨਹੀਂ। ਇਹ ਉਨ੍ਹਾਂ ਲੋਕਾਂ ਦਾ ਅਸ਼ਰਧਕ-ਪੁਣਾ ਤੇ ਮਨਮੁਖਤਾ ਹੈ ਜੋ ਐਸੇ ਗ਼ਲਤ ਵਿਚਾਰ ਮਨ ਵਿਚ ਲਿਆਉਂਦੇ ਹਨ। ਇਕ ਨਹੀਂ, ਅਨੇਕਾਂ ਹੀ ਗੁਰਵਾਕ ਇਸ ਪ੍ਰਥਾਇ ਗੁਰੂ ਸਾਹਿਬ ਨੇ ਉਚਾਰੇ ਹਨ ਕਿ ਅਗਲੀ ਦਰਗਾਹ ਸਚਮੁਚ ਹੈ, ਜਿਸ ਦੀ ਹੋਂਦ ਸਬੰਧੀ ਸਬੂਤ ਲਈ ਹੇਠ ਲਿਖੇ ਗੁਰ ਪ੍ਰਮਾਣ ਦਿਤੇ ਜਾਂਦੇ ਹਨ-

ਨਾਮੁ ਬਿਸਾਰਿ ਪਚਹਿ ਅਭਿਮਾਨੁ।।
ਨਾਮ ਬਿਨਾ ਕਿਆ ਗਿਆਨ ਧਿਆਨੁ।।
ਗੁਰਮੁਖਿ ਪਾਵਹਿ ਦਰਗਹਿ ਮਾਨੁ।।੩।।
(ਰਾਮਕਲੀ ਮ: ੧, ਪੰਨਾ ੯੦੫)

ਨਾਮ ਬਿਨਾ ਫੋਕਾ ਗਿਆਨ ਧਿਆਨ ਕਿਸੇ ਕੰਮ ਨਹੀਂ। ਫੋਕਟ ਸਹਸ ਸਿਆਣਪੀ ਅਭਿਮਾਨ ਵਾਲਾ ਹੀ ਇਹ ਚੁੰਚ-ਕਥਨੀਆ ਗਿਆਨ ਧਿਆਨ ਹੈ ਜੋ ਅਗਲੀ ਦਰਗਾਹ ਸਬੰਧੀ ਸ਼ੰਕਾ ਪੈਦਾ ਕਰਦਾ ਹੈ ਤੇ ਕਿੰਤੂ ਕਰਾਉਂਦਾ ਹੈ, ਗੁਰਮਤਿ ਗਿਆਨ ਦੇ ਤਤ ਧਿਆਨੀ ਗੁਰਮੁਖ ਜਨ ਹੀ ਸਚੀ ਦਰਗਾਹ ਅੰਦਰ ਮਾਨ ਪਾਉਂਦੇ ਹਨ ਤੇ ਸਦਸਦੀਵੀ ਆਤਮਕ ਰੰਗ-ਰਲੀਆਂ ਮਾਣਦੇ ਹਨ ਅਤੇ ਹਰਿ ਦਰਗਾਹ ਵਿਚ ਸੋਭਾਵੰਤ ਕਹਾਉਂਦੇ ਹਨ-

ਬਿਨੁ ਸਚੇ ਨਹੀ ਦਰਗਹ ਮਾਨੁ।।
ਹਰਿ ਰਸੁ ਪੀਵੈ ਛੁਟੈ ਨਿਦਾਨਿ।।
(ਰਾਮਕਲੀ ਮ: ੧, ਪੰਨਾ ੯੩੭)

ਵਾਹਿਗੁਰੂ ਸਚੇ ਦੇ ਸਚ ਪ੍ਰਾਪਤੀ ਬਿਨਾਂ ਹਰਿ-ਦਰਗਾਹੀ ਮਾਨ ਕਿਸੇ ਨੂੰ ਨਹੀਂ ਮਿਲਦਾ। ਗੁਰਮਤਿ ਨਾਮ ਦੀਆਂ ਅਤੁਟ ਕਮਾਈਆਂ ਕਰਨ ਤੋਂ ਹਰਿ-ਰਸ, ਅੰਤਰ ਆਤਮੇ ਰਸ ਆਉਂਦਾ ਹੈ। ਇਸ ਹਰਿ-ਰਸ ਦੇ ਅੰਦਰ ਰਸ-ਰਸੇ, ਰਸੀਆਂ ਦਾ ਹੀ ਅਗਲੀ ਦਰਗਾਹ ਵਿਚ ਛੁਟਕਾਰਾ ਹੈ, ਦੂਜੇ ਫੋਕਟ-ਕਰਮੀਆਂ ਦਾ ਛੁਟਕਾਰਾ ਕਦੇ ਨਹੀਂ ਹੁੰਦਾ।

ਗੁਰਮੁਖਿ ਚੁਕੈ ਆਵਣੁ ਜਾਣੁ।।.........
ਗੁਰਮੁਖਿ ਦਰਗਹ ਸਿਫਤਿ ਸਮਾਇ।।
ਨਾਨਕ ਗੁਰਮੁਖਿ ਬੰਧੁ ਨ ਪਾਇ।।੪੧।।
(ਸਿਧ ਗੋਸਟਿ, ਪੰਨਾ ੯੪੨)

ਦੇਖਿਆ, ਗੁਰਮੁਖਾਂ ਦਾ ਆਵਣ ਜਾਣ ਉੱਕਾ ਹੀ ਚੁਕ ਗਿਆ। ਗੁਰਮੁਖਾਂ ਨੂੰ ਸਚੀ ਦਰਗਾਹ ਅੰਦਰ ਮਾਣ ਮਿਲਦਾ ਹੈ। ਪਰ ਗੁਰਮੁਖ ਇਹ ਮਾਣ ਮਿਲਣ ਪਰ ਬੜ੍ਹਾਇ ਕੇ ਫੁਲ ਨਹੀਂ ਬਹਿੰਦੇ, ਸਗੋਂ ਸਚੀ ਦਰਗਾਹ ਅੰਦਰਸਿਫਤ ਸਲਾਹ ਕਰ ਕਰ ਰਜਦੇ ਨਹੀਂ ਸਿਫ਼ਤ-ਸਲਾਹ ਕਰ, ਸਿਫ਼ਤੀ ਵਾਹਿਗੁਰੂ ਦੀ ਜ਼ਾਤਿ ਪਾਕਿ ਵਿਚ ਹੀ ਸਮਾਇ ਜਾਂਦੇ ਹਨ। ਗੁਰਮੁਖਾਂ ਦੀ ਸਿਫ਼ਤ-ਸਲਾਹ ਦਾ ਹਦ-ਬੰਨਾ ਥਾਂ ਕੋਈ ਨਹੀਂ ਅਤੇ ਨਾ ਹੀ "ਸਿਫ਼ਤੀ ਸਿਫ਼ਤਿ ਸਮੇਉ" ਦਾ ਹੀ ਕੁਝ ਪਾਰਾਵਾਰ ਹੈ। ਗੁਰਮੁਖ ਜਨ ਲੇਖੇ ਅੰਦਰ ਕਦੇ ਨਹੀਂ ਆਉਂਦੇ । ਲੇਖੇ ਵਾਲਿਆਂ ਨੂੰ ਹੀ ਬੰਧ ਪੈਂਦੇ ਹਨ, ਗੁਰਮੁਖਾਂ ਨੂੰ ਕੋਈ ਬੰਧ ਨਹੀਂ ਪੈਂਦਾ-

ਜਮਦਰਿ ਬਾਧੇ ਕੋਇ ਨ ਰਾਖੈ।।
ਬਿਨੁ ਸਬਦੈ ਨਾਹੀ ਪਤਿ ਸਾਖੈ।।.........।।੫੫।।.....
ਮਾਨੈ ਹੁਕਮੁ ਸਭੇ ਗੁਣ ਗਿਆਨ।।
ਨਾਨਕ ਦਰਗਹ ਪਾਵੈ ਮਾਨੁ।।੫੬।।
(ਸਿਧ ਗੋਸਟਿ, ਪੰਨਾ ੯੪੪)

ਗੁਰ ਸ਼ਬਦ ਵਿਹੂਣੇ ਨਿਗੁਰਿਆਂ ਦੀ ਅਗਲੀ ਦਰਗਾਹੇ ਪਤਿ-ਪਰਤਿਸ਼ਟਾ ਨਹੀਂ ਹੁੰਦੀ। ਨਾ ਹੀ ਕੋਈ



www.AKJ.Org

ਉਨ੍ਹਾਂ ਦੇ ਛੁਟਕਾਰੇ ਦੀ ਕੋਈ ਸਿਫ਼ਾਰਸ਼ੀ ਸਾਖਾ ਭਰਦਾ ਹੈ। ਨ ਕੋਈ ਉਨ੍ਹਾਂ ਜਮ-ਦਰ ਬੱਧਿਆਂ ਨੂੰ ਛੁਡਾਉਂਦਾ, ਰਖਿਆ ਕਰਦਾ ਕਰਾਉਂਦਾ ਹੈ। ਵਾਹਿਗੁਰੂ ਗੁਰੂ ਸਚੇ ਪਾਤਸ਼ਾਹ ਦਾ ਸੱਚਾ ਹੁਕਮ ਮੰਨਣ-ਹਾਰਿਆਂ ਨੂੰ ਹੀ ਸਚੇ ਗੁਰਮਤਿ ਗਿਆਨ ਤੇ ਗੁਣ ਆਇ ਪਰਗਟ ਹੁੰਦੇ ਹਨ, ਜਿਨ੍ਹਾਂ ਦੀ ਬਦੌਲਤ ਤਿਨ੍ਹਾਂ ਨੂੰ ਦਰਗਾਹ ਅੰਦਰ ਮਾਣ ਪ੍ਰਾਪਤ ਹੁੰਦਾ ਹੈ। ਇਹ ਸਤਿਗੁਰੂ ਨਾਨਕ ਦਾ ਸਚਾ ਕਥਨ ਹੈ-

ਗੁਰਮੁਖਿ ਜਗੁ ਜੀਤਾ ਜਮਕਾਲੁ ਮਾਹਿ ਬਿਦਾਰਿ।।
ਗੁਰਮੁਖਿ ਦਰਗਹ ਨ ਆਵੈ ਹਾਰਿ।।

(ਸਿਧ ਗੋਸਟਿ, ਪੰਨਾ ੯੪੬)

ਗੁਰਮੁਖਾਂ ਨੇ ਗੁਰਮਤਿ ਨਾਮ ਦੇ ਬਲ ਕਰਕੇ ਜਮਕਾਲ ਨੂੰ ਮਾਰ ਕੇ ਸਾਰਾ ਜਗ ਜਿਤ ਲਿਆ। ਇਸ ਜਗ ਅੰਦਰ ਇਨ੍ਹਾਂ ਨੇ ਸੁਰਖ਼ਰੂਈ ਹਾਸਲ ਕਰ ਲੀਤੀ ਤੇ ਅਗਲੀ ਦਰਗਾਹ ਜਾ ਕੇ ਭੀ, ਉਨ੍ਹਾਂ ਨੂੰ ਹਾਰ ਕਦੇ ਨਹੀਂ ਮਿਲਦੀ, ਜਿੱਤ ਹੀ ਜਿੱਤ ਹੈ।

ਮਨਮੁਖ ਬੋਲਿ ਨ ਜਾਣਨੀ
ਓਨਾ ਅੰਦਰਿ ਕਾਮੁ ਕ੍ਰੋਧੁ ਅਹੰਕਾਰੁ।।
ਓਇ ਥਾਉ ਕੁਥਾਉ ਨਾ ਜਾਣਨੀ
ਉਨ ਲੰਤਰਿ ਲੋਭੁ ਵਿਕਾਰੁ।।
ਓਇ ਆਪਣੈ ਸੁਆਇ ਆਇ ਬਹਿ
ਗਲਾ ਕਰਹਿ, ਓਨਾ ਮਾਰੇ ਜਮੁ ਜੰਦਾਰੁ।।
ਅਗੈ ਦਰਗਹ ਲੇਖੈ ਮੰਗਿਐ
ਮਾਰਿ ਖੁਆਰੁ ਕੀਚਹਿ ਕੂੜਿਆਰ।।

ਰਾਮਕਲੀ ਕੀ ਵਾਰ, ਮ: ੩,ਪੰਨਾ ੯੪੦)

ਨਾਮੋਂ ਸਖਣੇ ਨਿਗੁਰੇ ਮਨਮੁਖਾਂ ਦੇ ਹਿਰਦੇ ਅੰਦਰ ਕਾਮ,ਕ੍ਰੋਧ। ਹੰਕਾਰ ਹੀ ਸਦਾ ਵਸਿਆ ਰਹਿੰਦਾ ਹੈ। ਉਨ੍ਹਾਂ ਦੇ ਅੰਦਰੋਂ ਕੁਬੋਲ ਕੁਵਾਕ ਹੀ ਨਿਕਲਦੇ ਹਨ, ਕ੍ਰੋਧ ਤੇ ਹੰਕਾਰ ਭਰੇ ਕੁਬਚਨ ਹੀ ਨਿਕਲਦੇ ਹਨ। ਉਹਨਾਂ ਦੇ ਅਖ਼ਤਿਆਰ ਕੁਝ ਨਹੀਂ ਰਹਿੰਦਾ, ਨ ਉਨ੍ਹਾਂ ਮਦਹੋਸ਼ਾਂ ਨੂੰ ਕੁਝ ਪਤਾ ਰਹਿੰਦਾ ਹੈ ਕਿ ਮੂੰਹੋਂ ਕੀ ਬੋਲਣਾ ਹੈ ਤੇ ਕੀ ਨਹੀਂ ਬੋਲਣਾ। ਉਹ ਕੁਬੋਲ ਕੁਬਚਨ ਬੋਲਣ ਲਗੇ ਥਾਂਉਂ ਕੁਥਾਉਂ ਵੀ ਨਹੀਂ ਵੇਖਦੇ। ਉਹ ਲੋਭ ਵਿਕਾਰ ਦੇ ਗ੍ਰਸੇ ਹੋਏ ਨਿਜ-ਲੋਭ ਵਿਕਾਰੀ ਕੁ-ਵਿਚਾਰ ਹੀ ਮੂੰਹੋਂ ਕਢਦੇ ਹਨ। ਉਹ ਆਪਣੇ ਸੁਆਰਥ ਦੀਆਂ ਗੱਲਾਂ ਹੀ ਮੂੰਹੋਂ ਕਢਦੇ ਹਨ। ਸਾਰੀ ਆਯੂ ਹੀ ਉਨ੍ਹਾਂ ਦੀ ਇਨ੍ਹਾਂ ਗੱਲਾਂ ਵਿਚ ਬੀਤ ਜਾਂਦੀ ਹੈ। ਅੰਤ ਵੇਲੇ ਉਹ ਜੰਮ ਜੰਦਾਰ ਦੀਆਂ ਚੋਟਾਂ ਖਾਂਦੇ ਹਨ, ਅਗਲੀ ਦਰਗਾਹ ਵਿਚ ਉਨ੍ਹਾਂ ਤੋਂ ਲੇਖਾ ਮੰਗਿਆ ਜਾਂਦਾ ਹੈ ਤੇ ਅਗਲੀ ਦਰਗਾਹ ਵਿਚ ਤਿਨ੍ਹਾਂ ਨੂੰ ਮਾਰ ਕੇ ਖੁਆਰ ਕੀਤਾ ਜਾਂਦਾ ਹੈ। ਕਿਉਂਕਿ ਲੇਖਾ ਉਹ ਦੇ ਨਹੀਂ ਸਕਦੇ, ਇਸ ਲਈ ਕੂੜ ਨਿਖੁਟੇ ਦਾ ਸਦਾ ਲੇਖਾ ਲਿਆ ਹੀ ਲਿਆ ਜਾਵੇਗਾ-

ਨਾਨਕੁ ਆਖੈ ਰੇ ਮਨਾ ਸੁਣੀਐ ਸਿਖ ਸਹੀ।।
ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ।।
ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ।।
ਅਜਰਾਈਲੁ ਫਰੇਸਤਾ ਹੋਸੀ ਆਇ ਤਈ।।
ਆਵਣੁ ਜਾਣੁ ਨ ਸੁਝਈ ਭੀੜੀ ਗਲੀ ਫਹੀ।।
ਕੂੜ ਨਿਖੁਟੇ ਨਾਨਕਾ ਓੜਕਿ ਸਚ ਰਹੀ।।

(ਵਾਰ ਰਾਮਕਲੀ,ਮ: ੧,ਪੰਨਾ ੯੫੩)

ਏਸ ਗੁਰਵਾਕ ਵਿਚ ਗੁਰੂ ਨਾਨਕ ਸਾਹਿਬ ਸਾਰਿਆਂ ਜਗਿਆਸੂਆਂ ਨੂੰ ਸੰਬੋਧਨ ਕਰ ਕੇ ਸੱਚੀ ਸਿਖਿਆ ਦਿੰਦੇ ਹਨ। ਇਸ ਵਿਚ ਗੁਰੂ ਨਾਨਕ ਸਾਹਿਬ ਨੇ ਜੋ ਕੁਝ ਉਚਾਰਿਆ ਹੈ, ਉਹ ਅੱਖਰ ਅੱਖਰ ਸੱਚ ਤੇ ਸਹੀ ਹੈ। ਇਸ ਵਿਚ ਸੰਦੇਹ ਕਿੰਤੂ ਕਰਨ ਦੀ ਗੁੰਜਾਇਸ਼ ਹੀ ਨਹੀਂ।

ਏਸ ਦੁਨੀਆ ਵਿਚ ਕੀਤੇ ਕਰਮਾਂ ਦਾ ਲੇਖਾ ਅਗਲੀ ਦਰਗਾਹ ਅੰਦਰ ਜ਼ਰੂਰ ਦੇਣਾ ਹੈ। ਲੇਖਾ ਹੋਇ ਬਿਨਾਂ ਰਹਿਣਾ ਨਹੀਂ। ਧਰਮਰਾਇ ਦੇ ਰਾਹੀਂ, ਧਰਮ ਰਾਇ ਦਾ ਰੂਪ ਧਾਰ ਕੇ ਪ੍ਰਮੇਸ਼ਵਰ ਆਪ ਸਭਨਾਂ ਦਾ ਲੇਖਾ ਮੰਗੇਗਾ। ਅਗਲੀ ਦਰਗਾਹ ਵਿਚ ਰੱਬ ਨੇ ਧਰਮ ਰਾਇ ਦੀ ਕਚਹਿਰੀ ਬਣਾਈ ਹੋਈ ਹੈ ਤੇ ਧਰਮ ਰਾਇ ਦੇ ਪਾਸ ਵਹੀ ਰਖੀ ਹੋਈ ਹੈ, ਜਿਸ ਉਤੇ ਹਰ ਇਕ ਜੀਵ ਦੇ ਇਕ ਇਕ ਕਰਮ ਦਾ ਲੇਖਾ ਲਿਖਿਆ ਹੋਇਆ ਹੈ। ਜਿਨ੍ਹਾਂ ਆਕੀਆਂ ਨੇ ਰੱਬ-ਰਜ਼ਾਈ ਦੇ ਗੁਰਮਤਿ ਰਜ਼ਾਕਾਰੀ ਹੁਕਮ ਨਹੀਂ ਮੰਨੇ, ਤਿਨ੍ਹਾਂ ਨੂੰ ਧਰਮ ਰਾਇ ਦੀ ਦਰਗਾਹ ਵਿਚ ਤਲਬਾਂ ਪੈਣਗੀਆਂ। ਜਿਨ੍ਹਾਂ ਦੀ ਰਿਣ-ਕਰੰਮੀ ਬਾਕੀ ਰਹੀਂ ਧਰਮਰਾਇ ਦੀ ਵਹੀ ਵਿਚ ਦਰਜ ਹੈ, ਤਿਨ੍ਹਾਂ ਨੂੰ ਜ਼ਰੂਰ ਤਲਬਾਂ ਪੈਣਗੀਆਂ। ਅਜ਼ਰਾਈਲ ਸਾਰਖੇ ਜਮਦੂਤ ਫ਼ਰਿਸ਼ਤੇ ਉਨ੍ਹਾਂ ਨੂੰ ਪਕੜ ਪਕੜ ਕੇ ਧਰਮਰਾਇ ਦੀ ਕਚਹਿਰੀ ਵਿਚ ਲਿਆ ਹਾਜ਼ਰ ਕਰਨਗੇ। ਉਨ੍ਹਾਂ ਨੂੰ ਇਸ ਭੀੜੀ ਗਲੀ ਵਿਚੋਂ ਨੱਸਣ ਦਾ ਰਾਹ ਭੀ ਕੋਈ ਨਹੀਂ ਦਿਸੇਗਾ, ਨ ਸੁਝੇਗਾ। ਕੂੜਿਆਰਾਂ ਦੀਆਂ ਸਭ ਸਿਆਣਪਾਂ ਚਤਰਾਈਆਂ ਨਿਖੁਟ ਜਾਣਗੀਆਂ। ਸਭ ਕੂੜਿਆਰ ਨਿਖੁਟ ਜਾਣਗੇ, ਕੂੜ ਭੀ ਨਿਖੁਟ ਜਾਵੇਗਾ । ਓੜਕ ਸਚ ਤੇ ਸਚਿਆਰਾਂ ਨੇ ਹੀ ਕਾਇਮ ਦਾਇਮ ਰਹਿਣਾਹੈ। ਇਹ ਸਚ ਵਰਤਾਰੀਏ ਬਚਨ ਹਨ ਗੁਰੂ ਨਾਨਕ ਸਾਹਿਬ ਜੀ ਦੇ, ਜਿਨ੍ਹਾਂ ਨੇ ਜ਼ਰੂਰ ਵਰਤ ਕੇ ਰਹਿਣਾ ਹੈ,ਕਦੇ ਆਹਲੇ (ਖ਼ਾਲੀ) ਨਹੀਂ ਜਾਣਾ। ਏਸ ਉਪਰੋਕਤ



www.AKJ.Org

ਵਾਕ ਵਿਚ ਜੋ ਕੁਝ ਭੀ ਉਚਾਰਣ ਹੋਇਆ ਹੈ, ਸਭ ਸਹੀ ਅਤੇ ਪੱਥਰ ਤੇ ਲੀਕ ਹੈ, ਪਕੀ ਤਸਦੀਕ ਹੈ। ਬਸ!

ਨਾਨਕ ਨਾਮੁ ਜਪਤ ਸੁਖੁ ਉਪਜੈ ਦਰਗਹ ਪਾਈਐ ਥਾਉ ॥੧॥

(ਸਲੋਕ ਮ: ੫, ਪੰਨਾ ੯੬੩)

ਦੇ ਗੁਰਵਾਕ ਅਨੁਸਾਰ ਗੁਰੂ ਨਾਨਕ ਦੇ ਘਰਿ ਦਰਿ ਦਰਸਾਇਆ ਗੁਰਮਤਿ-ਨਾਮ ਜਪ ਕੇ ਹੀ ਅਗਲੀ ਦਰਗਾਹੇ ਜਾ ਕੇ ਥਾਉਂ ਮਿਲਦਾ ਹੈ ਅਤੇ ਸਚੇ ਸੁਖ ਦੀ ਪ੍ਰਾਪਤੀ ਹੁੰਦੀ ਹੈ। ਵਿਛੜਿਆਂ ਨੂੰ ਪ੍ਰਭੂ ਨਾਲਿ ਮੇਲਣ-ਹਾਰ ਹਰਿ-ਦਰਗਾਹ ਦਾ ਸੱਚਾ ਬਸੀਠ (ਵਿਚੋਲਾ) ਸਤਿਗੁਰੂ ਆਪ ਹੀ ਹੈ।

ਜੈਸਾ ਸਤਿਗੁਰੁ ਸੁਣੀਦਾ ਤੈਸੋ ਹੀ ਮੈ ਡੀਠੁ ॥
ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹ ਕਾ ਬਸੀਠੁ ॥

(ਸਲੋਕ ਮ: ੫, ਪੰਨਾ ੯੫੭)

ਇਹ ਗੁਰੂ ਅਰਜਨ ਸਾਹਿਬ ਪੰਚਮ ਪਾਤਸ਼ਾਹ ਦੀ ਸਚ ਸਦਾਕਤੀ ਸ਼ਹਾਦਤ ਹੈ। ਪਰ ਅਗਲੀ ਦਰਗਾਹ ਵਿਚ ਬਸੀਠੀ ਕਰਨ ਵਾਲਾ ਕੇਵਲ ਸਤਿਗੁਰੂ ਹੀ ਹੈ। ਸੱਚੇ ਸਤਿਗੁਰੂ ਦੇ ਸੱਚੇ ਹੁਕਮ ਦੇ ਅਨੁਸਾਰੀ ਜੋ ਜੋ ਜਨ ਹੋਏ ਹਨ ਤੇ ਜਿਨ੍ਹਾਂ ਨੇ ਕਰਤਾਰ ਦੀ ਹੁਕਮ-ਰਜ਼ਾ ਵਾਲੀ ਗੱਲ ਮੰਨੀ ਹੈ ਅਤੇ ਭਲੀ ਕਰਕੇ ਮੰਨੀ ਹੈ ਤਿਨ੍ਹਾਂ ਨੇ ਹੀ ਖਸਮ ਨੂੰ ਸੱਚ ਕਰ ਕੇ ਪਛਾਣਿਆ ਹੈ ਸੋਈ ਸੱਚੀ ਦਰਗਾਹ ਦੇ ਸਚੇ ਮਲ ਭਏ ਹਨ। ਤਿਨ੍ਹਾਂ ਨੇ ਸੱਚੇ ਦੀ ਸੱਚੀ ਦਰਗਾਹ ਐਸੀ ਮੱਲੀ ਹੈ ਕਿ ਸੱਚੀ ਦਰਗਾਹ ਮੱਲ ਕੇ ਕਦੇ ਨਹੀਂ ਹਲੇ ਅਤੇ ਅਜ਼ਲ ਤੇ ਅਬਦ ਤਕ ਮੱਲ ਮੱਲੀ ਹੀ ਰਖਣਗੇ। ਯਥਾ-

ਜੋ ਕੀਨੀ ਕਰਤਾਰਿ ਸਾਈ ਭਲੀ ਗਲ ॥
ਜਿਨੀ ਪਛਾਤਾ ਖਸਮੁ ਸੇ ਦਰਗਹ ਮਲ ॥..੧੬॥

(ਵਾਰ ਰਾਮਕਲੀ ਮ: ੫, ਪੰਨਾ ੯੬੪)

ਪਖੰਡੀਆਂ ਸਾਕਤ ਜਨਾਂ ਦਾ ਅਗਲੀ ਦਰਗਾਹੇ ਇਹ ਹਾਲ ਹੋਵੇਗਾ-

ਪਾਖੰਡ ਪਾਖੰਡ ਕਰਿ ਕਰਿ ਭਰਮੇ,
ਲੋਭੁ ਪਾਖੰਡੁ ਜਗਿ ਬੁਰਿਆਰੇ ॥
ਹਲਤਿ ਪਲਤਿ ਦੁਖਦਾਈ ਹੋਵਹਿ
ਜਮਕਾਲੁ ਖੜਾ ਸਿਰਿ ਮਾਰੇ ॥੪॥........
ਸਾਕਤ ਨਰ ਸਭਿ ਭੂਖ ਭੁਖਾਨੇ,
ਦਰਿ ਠਾਢੇ ਜਮ ਜੰਦਾਰੇ ॥ ੬॥

(ਨਟ ਮਹਲਾ ੪, ਪੰਨਾ ੯੮੧)

ਡਿਠਾ ਜੇ ! ਸਾਕਤ ਨਰਾਂ ਲੋਭੀਆਂ ਪਖੰਡੀਆਂ ਨੂੰ ਜਮ-ਜੰਦਾਰ ਦੇ ਦਰ ਤੇ ਭੁਖਣ-ਭੁੱਖੇ ਦੁਖਦਾਈ ਮਾਰਾਂ ਖਾਂਦੇ ਹੋਏ ਖਲੋਵਣਾ ਹੋਵੇਗਾ। ਤਿਨ੍ਹਾਂ ਦੇ ਹਲਤ ਪਲਤ ਦੋਵੇ ਦੁਖਦਾਈ ਹੋਣਗੇ। ਓਦੋਂ ਹੀ ਪਤਾ ਲਗੇਗਾ ਜਦੋਂ ਮਰਨ ਤੋਂ ਪਿਛੋਂ ਅਗੇ ਜਮਾਂ ਦੀ ਮਾਰ ਪਏਗੀ। ਏਹਨਾਂ ਘਟਨਾਵਾਂ ਤੋਂ ਅਵੇਸਲੇ ਬੇਖ਼ਬਰ ਹੋਏ ਵੇ ਸਾਕਤ ਨਰ ਮਨੁਖਾ-ਦੇਹ ਧਾਰ ਕੇ ਪਾਪ ਕਰਮ ਕਰੀ ਜਾਂਦੇ ਹਨ। ਅਤੇ ਐਸੇ ਪਰਵਿਰਤ ਹੁੰਦੇ ਹਨ ਪਾਪ ਕਰਮਾਂ ਵਿਚ ਕਿ ਉਹਨਾਂ ਦੀ ਅੱਖ ਹੀ ਨਹੀਂ ਉਘੜਦੀ। ਅੱਖ ਤਾਂ ਤਦੇ ਹੀ ਉਘੜੇ ਜੇ ਗੁਰੂ ਕੀ ਸਿਖਿਆ ਸੁਣਨ। ਤੇ ਸੁਣ ਕੇ ਸਤਿ ਸਤਿ ਕਰ ਕੇ ਮੰਨਣ। ਜੇ ਉਹਨਾਂ ਨੂੰ ਉਪਰਲੀ ਦਰਗਾਹ ਦਾ ਖ਼ੌਫ਼ ਹੋਵੇ ਤਾਂ ਉਹ ਪਾਪ ਕਰਮ, ਲੋਭ ਪਾਖੰਡ ਵਿਕਾਰਾਂ ਤੋਂ ਬਚਣ। ਲਾ-ਮਜ਼ਹਬ, ਦਹਿਰੀਏ, ਨਾਸਤਕ, ਸਾਕਤ ਪੁਰਸ਼ਾਂ ਦਾ ਇਖ਼ਲਾਕ ਹੋ ਹੀ ਨਹੀਂ ਸਕਦਾ ਜਿਨ੍ਹਾਂ ਨੂੰ ਖ਼ੁਦਾ ਦਾ ਖ਼ੌਫ਼ ਨਹੀਂ, ਜਿਨ੍ਹਾਂ ਨੂੰ ਭੈ ਕੀ ਬਿੰਦ ਨਹੀਂ, ਜਿਨ੍ਹਾਂ ਨੂੰ ਅਗਲੀ ਦੁਨੀਆ, ਪਾਰਲੀ ਦਰਗਾਹ ਦਾ ਨਿਸਚਾ ਨਹੀਂ, ਤਿਨ੍ਹਾਂ ਨੇ ਤਾਂ ਬਸ, ਬੇ-ਦਰੇਗ਼ ਮੰਦ ਕਰਮਾਂ ਵਿਚ ਹੀ ਰਚਤ ਖੱਚਤ ਹੋਣਾ ਹੈ-

ਜਿਨੀ ਨਾਮੁ ਵਿਸਾਰਿਆ ਸੇ ਕਿਤੁ ਆਏ ਸੰਸਾਰਿ ॥
ਆਗੈ ਪਾਛੈ ਸੁਖੁ ਨਹੀ ਗਾਡੇ ਲਾਦੇ ਛਾਰੁ ॥
ਵਿਛੁੜਿਆ ਮੇਲਾ ਨਹੀ ਦੂਖੁ ਘਣੋ ਜਮ ਦੁਆਰਿ ॥੩॥

(ਮਾਰੂ ਮ: ੧, ਪੰਨਾ ੧੦੧੦)

ਇਹ ਉਪਰਲਾ ਗੁਰਵਾਕ ਕੈਸੀ ਸੂਝ ਸੁਝਾਉਂਦਾ ਹੈ ਜਿਨ੍ਹਾਂ ਨੇ ਨਾਮ ਵਿਸਾਰ ਦਿਤਾ ਹੈ, ਉਨ੍ਹਾਂ ਦਾ ਏਸ ਸੰਸਾਰ ਵਿਚ ਆਉਣਾ ਬੇਅਰਥ ਤੇ ਅਕਾਰਥ ਹੀ ਹੈ। ਉਹ ਇਸ ਸੰਸਾਰ ਵਿਚ ਕਾਸਨੂੰ ਆਏ, ਕੀ ਥੁੜਿਆ ਪਿਆ ਸੀ ਉਨ੍ਹਾਂ ਦੇ ਇਥੇ ਆਉਣ ਖੁਣੋ। ਉਨ੍ਹਾਂ ਨਾਮ-ਵਿਹੂਣਿਆਂ ਨੂੰ ਅੱਗੇ ਪਿਛੇ ਏਸ ਲੋਕ ਤੇ ਪਰਲੋਕ ਵਿਚ ਕਿਤੇ ਤੇ ਕਦੇ ਸੁਖ ਮਿਲਣਾ ਨਹੀਂ। ਗੁਰਮਤਿ-ਗੁਣ-ਵਿਹੂਣੇ, ਨਾਮ-ਸਖਰੂਨੇ ਮਾਨੂੰ, ਕੋਈ ਮਨੁਖ ਯਾ ਇਨਸਾਨ ਹਨ ? ਉਹ ਤਾਂ ਛਾਰ (ਮਿੱਟੀ) ਦੇ ਲਦੇ ਹੋਏ ਗੱਡੇ ਸਮਾਨ ਹਨ। ਛਾਰ ਉਡਾ ਕੇ ਛਾਰ ਉਡਾਉਂਦੇ ਹੀ ਚਲੇ ਜਾਣਗੇ, ਪ੍ਰਮਾਰਥ ਦੀ ਤਿਨ੍ਹਾਂ ਨੂੰ ਸਾਰ ਹੀ ਕਦੇ ਨਹੀਂ ਹੋਣੀ, ਵਿਛੁੜਿਆਂ ਦਾ ਕਦੇ ਮੇਲਾ ਹੋਣਾ ਹੀ ਨਹੀਂ। ਓਨ੍ਹਾਂ ਨੂੰ ਅਗੇ ਜਮ ਦੇ ਦੁਆਰੇ ਜਾ ਕੇ ਘਣੇ ਦੁਖ ਸਹਿਣੇ ਪੈਣਗੇ-

"ਗੁਰਮੁਖਿ ਜਿਨੀ ਨਾਮੁ ਨ ਪਾਇਆ ॥
ਮਨਮੁਖਿ ਬਿਰਥਾ ਜਨਮੁ ਗਵਾਇਆ ॥
ਅਗੈ ਵਿਣੁ ਨਾਵੈ ਕੋ ਬੇਲੀ ਨਾਹੀ,
ਬੂਝੈ ਗੁਰ ਬੀਚਾਰੀ ਜੀਉ ॥

(ਮਾਰੂ ਮ: ੩ ਅਸਟ: ਪੰਨਾ ੧੦੧੯)



www.AKJ.Org

# ਸੂਰਾ ਸੋ ਪਹਿਚਾਨੀਐ

ਡਾ: ਕੁਲਦੀਪ ਕੌਰ

ਸੂਰਮੇ ਦੀ ਪਹਿਚਾਨ ਹੈ ਆਪੇ ਦੀ ਸੋੜੀ ਵਲਗਣ ਵਿਚੋਂ ਨਿਕਲ ਕੇ ਦੀਨ ਲਈ ਜੂਝਣਾ, ਸੂਰਮੇ ਦੀ ਪਹਿਚਾਨ ਹੈ ਆਪੇ ਨਾਲੋਂ ਮੋਹ ਤੋੜ ਕੇ ਪੁਰਜ਼ਾ ਪੁਰਜ਼ਾ ਕਰ ਆਪੇ ਨੂੰ ਮਾਰ ਸੁੱਟਣਾ, ਸੂਰਮੇ ਦੀ ਪਹਿਚਾਨ ਹੈ ਘੋਰ ਯੁੱਧ ਸਮੇ ਵੀ ਰਣ ਭੂਮੀ ਵਿੱਚ ਪਿੱਠ ਨਾ ਵਿਖਾਉਣੀ। ਅਜਿਹਾ ਸੂਰਮਾ ਸਦਾ ਅਜਿੱਤ ਰਹਿੰਦਾ ਹੈ, ਉਹ ਜਾਂ ਜਿੱਤ ਪ੍ਰਾਪਤ ਕਰਦਾ ਹੈ ਜਾਂ ਵੈਰੀਆਂ ਨਾਲ ਲੋਹਾ ਲੈਂਦਿਆਂ ਸ਼ਹੀਦ ਹੋ ਜਾਂਦਾ ਹੈ।ਸ਼ਹੀਦ ਮਰਦਾ ਨਹੀਂ , ਸ਼ਹੀਦ ਦੀ ਮੌਤ ਨਾਲ ਕੌਮਾਂ ਦੀ ਜ਼ਿੰਦਗੀ ਦੀ ਬੁਝੀ ਲੋਅ ਫਿਰ ਮਘਣ ਲੱਗ ਪੈਂਦੀ ਹੈ। ਇਸ ਲਈ ਸੂਰਮਾ ਅਮਰ ਹੁੰਦਾ ਹੈ।ਸੂਰਮੇ ਦੀ ਲਾਸਾਨੀ ਜੁਰਅੱਤ ਅਤੇ ਕੁਰਬਾਨ ਹੋਣ ਦੀ ਬੇਮਿਸਾਲ ਤਾਂਘ ਅਕਥਨੀਯ ਹੈ। ਸੂਰਮਾ ਉਹ ਹੈ ਜੋ ਨਿਰਭਉ ਹੋਵੇ, ਜੋ ਨਿਰਵੈਰ ਹੋਵੇ। ਆਪਣੇ ਸਿਰਜਣਹਾਰ ਵਾਂਗ 'ਨਾ ਇਹੁ ਬੂਢਾ ਨਾ ਇਹੁ ਬਾਲਾ' ਦੇ ਸਰੂਪ ਦਾ ਧਾਰਨੀਯ ਹੋ ਜਾਂਦਾ ਹੈ। ਕਾਲ ਉਸਦੇ ਲਈ ਕੋਈ ਅਰਥ ਨਹੀਂ ਰਖੱਦਾ। ਅਕਾਲ ਵਾਂਗ ਹੀ 'ਨ ਓਹੁ ਮਰਤਾ ਨਾ ਹਮ ਡਰਿਆ ਦਾ ਅਨੁਭਵੀ ਹੁੰਦਾ ਹੈ। 'ਅਕਾਲ ਮੂਰਤਿ' ਦਾ ਸਾਜਿਆ, 'ਅਕਾਲ ਮੂਰਤਿ' ਦੇ ਪ੍ਰੇਮ ਵਿਚ ਰੰਗਿਆ 'ਅਕਾਲ ਸਰੂਪ' ਹੀ ਤਾਂ ਹੁੰਦਾ ਹੈ। ਸਮਰਥ ਗੁਰੂ ਪਿਤਾ ਦਾ ਹੱਥ ਸਿਰ ਉਤੇ ਹੋਣ ਕਰਕੇ ਉਸਨੂੰ ਕਿਸੇ ਹੋਰ ਦੀ ਮੁਥਾਜੀ ਨਹੀਂ ਹੁੰਦੀ। ਉਸਨੂੰ ਵਿਸ਼ਵਾਸ਼ ਹੁੰਦਾ ਹੈ:

ਜਾ ਤੂ ਮੇਰੈ ਵਲਿ ਹੈ ਤਾ ਕਿਆ ਮੁਹਛੰਦਾ।।
ਤੁਧੁ ਸਭੁ ਕਿਛੁ ਮੈਨੋ ਸਉਪਿਆ ਜਾ ਤੇਰਾ ਬੰਦਾ।।
-----------------------------
ਏਹ ਵੈਰੀ ਮਿਤ੍ਰ ਸਭਿ ਕੀਤਿਆ ਨਹ ਮੰਗਹਿ ਮੰਦਾ।।
(ਪੰਨਾ-੧੦੯੬)

'੧ਓ' ਦਾ ਪੁੱਤਰ ਆਪਣੇ ਪਿਤਾ ਵਾਂਗ ਹੀ ਨਿਰਭਉ ਹੋਵੇਗਾ, ਨਿਰਵੈਰ ਹੋਵੇਗਾ। ਸੰਸਾਰਕ ਬਾਦਸ਼ਾਹਤਾਂ ਦੀ ਬਖ਼ਸ਼ੀ ਸਰਦਾਰੀ ਦੀ ਉਸਨੂੰ ਲੋੜ ਨਹੀਂ। ਉਸਦੀ ਸਿਕਦਾਰੀ ਤਾਂ ਸ੍ਵੈ ਸਥਾਪਿਤ ਹੈ ਪਰ ਸ਼ਰਤ ਇੱਕ ਹੈ ਕਿ ਉਹ ਗੁਰ ਵਿਸ਼ਵਾਸ਼ ਦਾ ਧਾਰਨੀਯ ਹੋਵੇ। 'ਗੁਰ ਪ੍ਰਸਾਦਿ' ਉਸਦਾ ਆਦਰਸ਼ ਹੋਵੇ। 'ਗੁਰ ਪ੍ਰਸਾਦਿ' ਦੀ ਪ੍ਰਾਪਤੀ ਲਈ ਆਪਾ ਗੁਰ ਚਰਨਾਂ ਵਿਚ ਵਿਛਾ ਸਕਦਾ ਹੋਵੇ। ਸਾਈਂ ਦੀਆਂ ਦਾਤਾਂ ਦਾ ਵਾਰਸ ਬਣਨ ਲਈ ਸਾਈਂ ਦੇ ਦਰ ਜਾਣਾ ਜ਼ਰੂਰੀ ਹੁੰਦਾ ਹੈ। 'ਸੋ ਦਰੁ' ਪਹੁੰਚਣਾ ਲਾਜ਼ਮੀ ਹੈ। ਜਿੱਥੇ ਬੈਠ ਕੇ ਉਹ ਸਭ ਦੀ ਸੰਮ੍ਹਾਲ ਕਰਦਾ ਹੈ, ਸਭ ਦੀ ਪ੍ਰਤਿਪਾਲਣਾ ਕਰਦਾ ਹੈ, ਸਭਨਾਂ ਨੂੰ ਰਿਜ਼ਕ ਦੇਂਦਾ ਹੈ, ਉੱਥੇ ਜਾਣ ਦੀ ਜੁਗਤ ਹੈ:

ਫ਼ਰੀਦਾ ਥੀਉ ਪਵਾਹੀ ਦਭੁ।।
ਜੇ ਸਾਂਈ ਲੋੜਹਿ ਸਭੁ।।
ਇਕੁ ਛਿਜਹਿ ਬਿਆ ਲਤਾੜੀਅਹਿ।।
ਤਾਂ ਸਾਈ ਦੈ ਦਰਿ ਵਾੜੀਅਹਿ। (ਪੰਨਾ-੧੩੭੮)

'ਸੋ ਦਰੁ' ਪਹੁੰਚਿਆਂ 'ਸੋ ਪੁਰਖ' ਨਾਲ ਮੇਲ ਹੋਇਆ। ਸਰਬ ਸ਼ਕਤੀਆਂ ਦਾ ਅੰਦਰ ਪ੍ਰਵੇਸ਼ ਹੋ ਗਿਆ। ਪਹੁੰਚ ਦਾ ਮਾਰਗ ਪ੍ਰੇਮ ਦਾ ਮਾਰਗ ਹੈ। ਇਸ ਰਾਹ ਤੇ ਭਗਤੀ ਪ੍ਰਧਾਨ ਹੈ, ਸਿਮਰਨ ਭਗਤੀ ਦਾ ਰੂਪ ਹੈ। ਹਿਰਦੇ ਵਿਚ ਉਸਦੀ ਯਾਦ ਸਿਮਰਨ ਦੇ ਪ੍ਰਵਾਹ ਨੂੰ ਸਦਾ ਜਾਰੀ ਰੱਖਣ ਲਈ ਇਕ ਵਿਸ਼ੇਸ਼ ਅਵਸਥਾ ਹੈ। ਯਾਦ ਵਾਲੀ ਅਵਸਥਾ ਹਿਰਦੇ ਵਿਚ ਭਗਤੀ ਭਾਵ ਦੀ ਪ੍ਰਬਲਤਾ ਦੀ ਸੂਚਕ ਹੈ। ਭਗਤੀ ਨੇ ਸ਼ਕਤੀ ਦੇ ਸੋਮੇ ਨਾਲ ਜੋੜ ਕੇ ਸ਼ਕਤੀ ਮਾਨ ਬਣਾ ਦਿੱਤਾ। 'ਸੁਰਤਿ, ਮਤਿ, ਮਨਿ,ਬੁਧਿ' ਸ਼ਕਤੀ ਦੇ ਰੰਗ ਵਿਚ ਰੰਗੇ ਗਏ। 'ਜਬ ਆਵ ਕੀ ਅਉਧ ਨਿਧਾਨ ਬਨੈ' ਦਾ ਅਵਸਰ ਜੁੜਿਆ ਤਾਂ ਇਹ ਸ਼ਕਤੀ ਸਰੀਰ ਰਾਹੀਂ ਪ੍ਰਗਟ ਹੋਣੀ ਸ਼ੁਰੂ ਹੋ ਗਈ। ਰਣ ਵਿਚ ਜੂਝ ਮਰਨ ਦੀ ਤੀਬਰ ਇੱਛਾ ਉਗਮ ਪਈ। ਦੱਭ ਵਾਂਗ ਵਿਛ ਜਾਣ ਵਾਲਾ ਮਨ, ਸਰੀਰ ਨੂੰ ਵੀ ਪੁਰਜ਼ਾ ਪੁਰਜ਼ਾ ਕਟ ਮਰਨ ਲਈ ਤਿਆਰ ਕਰ ਦੇਂਦਾ ਹੈ। ਬੀਰਤਾ, ਸੂਰਮਤਾ, ਬਹਾਦਰੀ ਸਰੀਰ ਰਾਹੀਂ ਪ੍ਰਗਟ ਹੋਣੀ ਸ਼ੁਰੂ ਹੋ ਜਾਂਦੀ ਹੈ।

ਬਾਣੀ ਗੁਰੂ ਹੈ। 'ਗੁਰ ਪ੍ਰਸਾਦਿ' ਲਈ ਗੁਰਬਾਣੀ ਦਾ ਲੜ ਫੜਨਾ ਜ਼ਰੂਰੀ ਹੈ। ਬਾਣੀ -ਪ੍ਰੇਮ ਦੁਆਰਾ ਹੀ ਉਸ 'ਵੱਡ ਵਡੇ ਵਡੇਰਾ' ਨਾਲ ਪ੍ਰੇਮ ਦਾ ਗੰਢ ਚਿੜਾਵਾ ਹੋ ਸਕਦਾ ਹੈ। ਜਦੋਂ ਕਦੇ ਦੇਸ਼, ਕੌਮ, ਪੰਥ ਸੰਕਟ ਕਾਲੀਨ ਸਥਿਤੀ ਵਿਚੋਂ ਗੁਜ਼ਰਦਾ ਹੈ ਤਾਂ ਬੀਰ ਰਸੀ ਰੰਗ ਵਿਚ ਭਗਤ ਕਬੀਰ ਜੀ ਦੇ ਉਚਾਰਣ ਕੀਤੇ ਇਸ ਸਲੋਕ ਦਾ ਗਾਇਨ ਕਰਕੇ ਯੋਧੇ ਆਪਣੇ ਆਪ ਨੂੰ ਚੜ੍ਹਦੀ ਕਲਾ ਵਿਚ ਲੈ ਜਾਂਦੇ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵੀ ਇਹੋ ਜਿਹੇ ਸਮੇਂ ਪ੍ਰਮੁਖ ਪ੍ਰੇਰਨਾ ਸ੍ਰੋਤ ਬਣਦੀ ਹੈ। ਦਸਮੇਸ਼ ਪਿਤਾ ਆਪ ਵੀ ਰਣ ਵਿਚ ਜੂਝੇ, ਆਪਣੇ ਬੇਟਿਆਂ ਤੇ ਸਿੱਖ ਸਿਪਾਹੀਆਂ ਨੂੰ ਵੀ ਜੁਝਾਰੂ ਬਿਰਤੀ ਪ੍ਰਦਾਨ ਕੀਤੀ। ਪੁਰਜ਼ਾ ਪੁਰਜ਼ਾ ਕੱਟ ਮਰਨ ਵਾਲਾ ਸਿਧਾਂਤ ਅਮਲੀ ਰੂਪ ਵਿਚ ਪ੍ਰਤੱਖ ਕਰ ਵਿਖਾਇਆ :-

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ।।
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ।। (੧੧੦੫)



www.AKJ.Org

ਭਗਤ ਕਬੀਰ ਜੀ ਦੀ ਬਾਣੀ ਵਿਚ ਪ੍ਰਗਟਾਇਆ ਸਿਧਾਂਤ ਅੱਖਰੀ ਅਰਥਾਂ ਵਿਚ ਸਮਝੀਏ ਤੇ ਵਿਚਾਰੀਏ ਅਤੇ ਫਿਰ ਆਪ ਜੀ ਦੀ ਜੀਵਨ ਗਾਥਾ ਨੂੰ ਵਾਚੀਏ ਤਾਂ ਪਤਾ ਲਗਦਾ ਹੈ ਕਿ ਆਪ ਰਣ ਵਿਚ ਜੂਝਣ ਵਾਲੇ' ਸੰਗਰਾਮੀ ਯੋਧੇ ਨਹੀਂ ਸਨ। ਉਹ ਤਾਂ ਸੰਤ ਅਤੇ ਭਗਤ ਕਰਕੇ ਜਾਣੇ ਜਾਂਦੇ ਹਨ। ਸਿਪਾਹੀ ਵਾਲਾ ਰੂਪ ਉਨ੍ਹਾਂ ਨੇ ਨਹੀਂ ਸੀ ਧਾਰਿਆ। ਉਨ੍ਹਾਂ ਦੀ ਬਾਣੀ ਨੂੰ ਸੱਚੀ ਬਾਣੀ ਦਾ ਦਰਜਾ ਪ੍ਰਾਪਤ ਹੈ ਅਤੇ ਸੱਚੀ ਬਾਣੀ ਕਥਨੀ ਤੇ ਕਰਨੀ ਦੀ ਇਕ ਸੁਰਤਾ ਵਿਚੋਂ ਉਪਜੀ ਦੈਵੀ ਬਾਣੀ ਹੈ। ਸੋ ਜੀਵਨ ਪ੍ਰਕਿਰਿਆ ਅਤੇ ਬਾਣੀ ਦੇ ਭਾਵਾਂ ਵਿਚ ਕਿਸੇ ਪ੍ਰਕਾਰ ਦਾ ਸ੍ਵੈ ਵਿਰੋਧ ਹੋ ਨਹੀਂ ਸਕਦਾ। ਅਵੱਸ਼ ਹੀ ਕਬੀਰ ਜੀ ਦਾ ਕਿਸੇ ਘੋਰ ਯੁੱਧ ਵੱਲ ਸੰਕੇਤ ਹੈ ਜਿਸ ਵਿਚ ਅਸੀਮ ਕੁਰਬਾਨੀ ਲਈ ਡਟ ਕੇ ਖੜੇ ਹੋਣ ਦੀ ਲੋੜ ਹੈ।

ਬੀਰਤਾ ਅਤੇ ਭਗਤੀ ਦਾ ਆਪਸ ਵਿਚ ਗੂੜ੍ਹਾ ਸੰਬੰਧ ਹੈ। ਭਗਤੀ ਭਗਤ-ਜਨ ਨੂੰ ਸ਼ਕਤੀ ਦੇ ਸੋਮੇ ਪ੍ਰਭੂ ਨਾਲ ਜੋੜਦੀ ਹੈ। ਸੋਮੇ ਨਾਲ ਜੁੜਿਆ ਮਨੁੱਖ ਸ਼ਕਤੀ ਸਰ ਅਰਥਾਤ ਸ਼ਕਤੀ ਦੇ ਸਮੁੰਦਰ ਵਿਚ ਇਸ਼ਨਾਨ ਕਰਦਾ ਹੈ। ਸ਼ਕਤੀ-ਜਲ ਦੇ ਘੁੱਟ ਭਰਕੇ ਆਪਣੇ ਅੰਦਰ ਠੰਢਕ ਭਰੀ ਸ਼ਕਤੀ ਦਾ ਪ੍ਰਵੇਸ਼ ਕਰਾਉਂਦਾ ਹੈ, ਸ਼ਕਤੀ ਅਤੇ ਗਰਮਜੋਸ਼ੀ ਅੰਤਰ ਸੰਬੰਧਿਤ ਹਨ। ਸ਼ਕਤੀ ਦੇ ਪ੍ਰਗਟਾਅ ਵੇਲੇ ਵੀ ਅੰਦਰਲੀ ਗਰਮੀ ਦੇ ਪ੍ਰਭਾਵ ਨਾਲ ਖ਼ੂਨ ਖੌਲਦਾ ਹੈ ਤਾਂ ਹੀ ਬੀਰਤਾ ਦੇ ਜੌਹਰ ਵਿਖਾਏ ਜਾਂਦੇ ਹਨ। ਪਰ ਪ੍ਰਭੂ ਪ੍ਰੇਮ ਰੰਗੀ ਭਗਤੀ ਦੇ ਸੰਗ ਵਿਚ ਸ਼ਕਤੀ ਵੀ ਸੀਤਲਤਾ ਅਤੇ ਤਪਸ਼ ਦੇ ਸੁਮੇਲ ਨਾਲ ਵਿਸਮਾਦੀ ਸਰੂਪ ਧਾਰਣ ਕਰ ਲੈਂਦੀ ਹੈ। ਇਹ ਭਗਤ ਦੀ ਅਨੰਦ ਮਈ ਆਂਤ੍ਰਿਕ ਅਵਸਥਾ ਦਾ ਬਾਹਰ ਮੁਖੀ ਪ੍ਰਗਟਾਉ ਹੁੰਦਾ ਹੈ। ਅਜਿਹੇ ਭਗਤ ਦੀ ਨਿਰਾਲੀ ਚਾਲ ਉਸ ਨੂੰ ਬਿਖਮ ਮਾਰਗ ਉੱਤੇ ਚੱਲਣ ਲਈ ਪ੍ਰੇਰਦੀ ਹੈ। ਉਹ 'ਨਿਸਚੈ ਕਰਿ ਅਪਨੀ ਜੀਤ ਕਰੋਂ' ਦੇ ਵਿਸ਼ਵਾਸ਼ ਨਾਲ ਅੱਗੇ ਵਧਦਾ ਅਤੇ ਜਿੱਤਾਂ ਪ੍ਰਾਪਤ ਕਰਦਾ ਹੈ :-

ਬਿਖਮੋ ਬਿਖਮੁ ਅਖਾੜਾ ਮੈ ਗੁਰ ਮਿਲਿ ਜੀਤਾ ਰਾਮ।।
ਗੁਰ ਮਿਲਿ ਜੀਤਾ ਹਰਿ ਹਰਿ ਕੀਤਾ ਤੂਟੀ ਭੀਤਾ ਭਰਮ ਗੜਾ।।
ਪਾਇਆ ਖਜਾਨਾ ਬਹੁਤੁ ਨਿਧਾਨਾ ਸਾਣਥ ਮੇਰੀ ਆਪਿ ਖੜਾ।।
(੪੫੩)

ਵਿਕਾਰ ਰਹਿਤ ਹੋ ਕੇ ਭਗਤ ਨਿਰਭੈ ਹੋ ਖੰਨਿਅਹੁ ਤਿੱਖੇ ਤੇ ਵਾਲਹੁ ਨਿੱਕੇ ਮਾਰਗ ਉਤੇ ਕਦਮ ਰੱਖਦਾ ਹੈ। ਆਪਾ ਸਮਰਪਿਤ, ਹਰਿ ਪ੍ਰੇਮ ਵਿਚ ਰੰਗਿਆ ਭਗਤ, ਗੁਰ ਪ੍ਰਸਾਦੀ ਨਿਰਭੈ ਯੋਧਾ ਬਣ ਕੇ ਦੋਖੀਆਂ, ਵੈਰੀਆਂ, ਲੁਟੇਰਿਆਂ, ਚੋਰਾਂ, ਡਾਕੂਆਂ ਉਤੇ ਕਾਬੂ ਪਾਉਣ ਦੇ ਸਮਰਥ ਹੋ ਜਾਂਦਾ ਹੈ। 'ਅਨੰਦ' ਬਾਣੀ ਵਿਚ ਅਜਿਹੇ ਸੂਰਮੇ ਭਗਤ ਦੀ ਨਿਰਾਲੀ ਚਾਲ ਦਾ ਇੰਜ ਵਰਣਨ ਕੀਤਾ ਗਿਆ ਹੈ:

ਭਗਤਾ ਕੀ ਚਾਲ ਨਿਰਾਲੀ।।
ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ।।
ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ।।
ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ।।
ਗੁਰ ਪਰਸਾਦੀ ਜਿਨੀ ਆਪੁ ਤਜਿਆ
ਹਰਿ ਵਾਸਨਾ ਸਮਾਣੀ।।
ਕਹੈ ਨਾਨਕ ਚਾਲ ਭਗਤਾ ਜੁਗਹੁ ਜੁਗੁ ਨਿਰਾਲੀ।। (੯੧੮)

ਇਹੋ ਜਿਹਾ ਸੂਰਮਾ ਪਹਿਲਾਂ ਆਪਣੇ ਅੰਦਰਲੇ ਵਿਕਾਰਾਂ ਉਤੇ ਵਸੀਕਾਰ ਪਾਉਣ ਲਈ ਕ੍ਰਿਆ ਸ਼ੀਲ ਹੁੰਦਾ ਹੈ। ਵਿਕਾਰ ਮਨੁਖ ਦੇ ਅੰਦਰ ਸਦਾ ਬਗ਼ਾਵਤ ਦਾ ਝੰਡਾ ਗੱਡੀ ਰੱਖਦੇ ਹਨ, ਆਪਣੀ ਸ਼ੈਤਾਨੀਅਤ ਭਰੀ ਸੈਨਾ ਨੂੰ ਸਦਾ ਤਿਆਰ ਰੱਖਦੇ ਹਨ। ਮਨੁੱਖ ਦੀ ਆਤਮ ਸਮਰਥਾ ਤੇ ਮਨੋਬਲ ਨੂੰ ਕਮਜ਼ੋਰ ਕਰਨਾ ਇਨ੍ਹਾਂ ਦਾ ਆਦਰਸ਼ ਹੁੰਦਾ ਹੈ। ਸਾਧਾਰਣ ਵਿਅਕਤੀ ਨੂੰ ਇਨ੍ਹਾਂ ਦੇ ਸਹੀ ਰੂਪ ਦੀ ਪਛਾਣ ਨਹੀਂ ਹੁੰਦੀ। ਉਹ ਇਨ੍ਹਾਂ ਨੂੰ ਆਪਣਾ ਸੰਗੀ, ਸਹਾਇਕ ਅਤੇ ਸ਼ੁਭ ਚਿੰਤਕ ਮੰਨ ਬੈਠਦਾ ਹੈ। ਜੀਵਨ ਦੇ ਹਰ ਖੇਤ੍ਰ ਵਿਚ ਉਹ ਇਨ੍ਹਾਂ ਦੀ ਅਗਵਾਹੀ ਵਿਚ ਚਲਦਾ ਹੋਇਆ ਸੰਸਾਰਕ ਲਾਭਾਂ ਦੀ ਪ੍ਰਾਪਤੀ ਲਈ ਹੋਛੇ ਸਾਧਨਾਂ ਦੀ ਵਰਤੋਂ ਕਰਕੇ ਆਪਣੇ ਆਪ ਨੂੰ ਸਫਲ ਖਿਡਾਰੀ ਸਮਝਣ ਲੱਗ ਜਾਂਦਾ ਹੈ। ਪਰ ਗੁਰੂ ਬਖ਼ਸ਼ਿਸ਼ ਪ੍ਰਾਪਤ ਗੁਰਦੀਖਿਅਤ ਗੁਰਸਿਖ ਅੰਦਰਲੀ ਜੋਤ ਜਗਣ ਉਪਰੰਤ ਇਨ੍ਹਾਂ ਦੋਖੀਆਂ ਦੇ ਸਹੀ ਸਰੂਪ ਦੀ ਪਛਾਣ ਕਰਕੇ ਪ੍ਰਥਮ ਟੱਕਰ ਹੀ ਇਨ੍ਹਾਂ ਨਾਲ ਲੈਂਦਾ ਹੈ। ਸੂਰਮਤਾ ਇਥੋਂ ਹੀ ਆਰੰਭ ਹੁੰਦੀ ਹੈ। ਦੋਖੀਆਂ ਨਾਲ ਝੜਪ ਲੈਂਦਿਆਂ ਹੋਇਆਂ ਉਹ ਆਂਤ੍ਰਿਕ ਧਰਾਤਲ ਉਤੇ ਸਿਰਜੀ ਰਣਭੂਮੀ ਵਿਚ ਵੈਰੀ ਨੂੰ ਢਾਹੁੰਦਾ ਵੀ ਹੈ, ਆਪ ਢਹਿੰਦਾ ਵੀ ਹੈ, ਵਾਰ ਕਰਦਾ ਵੀ ਹੈ, ਵਾਰ ਸਹਿੰਦਾ ਵੀ ਹੈ। ਜਿਤਦਾ ਹੈ ਪਰ ਕਈ ਵਾਰ ਹਾਰਦਾ ਵੀ ਹੈ। ਇਹ ਹਾਰ ਉਸਨੂੰ ਕਮਜ਼ੋਰ ਨਹੀਂ ਕਰਦੀ, ਫਿਰ ਉੱਠ ਕੇ ਸੰਭਲ ਜਾਂਦਾ ਹੈ ਅਤੇ ਪਹਿਲਾਂ ਨਾਲੋਂ ਵਧੇਰੇ ਸ਼ਕਤੀ ਨਾਲ ਜੂਝਣਾ ਆਰੰਭ ਕਰ ਦੇਂਦਾ ਹੈ। ਗੁਰੂ ਦੀ ਥਾਪਨਾ ਉਸਨੂੰ ਸਦਾ ਉਤਸਾਹਿਤ ਕਰਦੀ ਰਹਿੰਦੀ ਹੈ ਅਤੇ ਜੰਗ ਸਦੀਵੀ ਜਾਰੀ ਰਹਿੰਦੀ ਹੈ। ਪਰ ਜਿੱਤ ਪ੍ਰਾਪਤੀ ਦਾ ਨਿਸ਼ਚਾ ਉਸਨੂੰ ਡੋਲਣ ਨਹੀਂ ਦੇਂਦਾ।। ਸ਼ੁਭ ਕਰਮਨ ਵਿਚ ਲੀਨ ਗੁਰਸਿਖ ਦੀ ਹਰ ਮੈਦਾਨ ਫ਼ਤਹ ਹੀ ਹੁੰਦੀ ਹੈ। ਪਰੰਤੂ ਫ਼ਤਹ ਉਪਰੰਤ ਵੀ ਅੰਦਰਲੇ ਦੋਖੀ, ਪੰਜ ਵਿਕਾਰ,


www.AKJ.Org

ਚੋਰੀ ਚੋਰੀ ਫਿਰ ਹਮਲਾ ਕਰਨ ਲਈ ਤਤਪਰ ਹੁੰਦੇ ਹਨ। ਸਿੱਟੇ ਵਜੋਂ ਵਿਕਾਰਾਂ ਉਤੇ ਫ਼ਤਹ ਵੇਲੇ ਜੇਤੂ ਹੋਣ ਦਾ ਸੂਖ਼ਸ਼ਮ ਅਹੰਕਾਰ, ਜਿਸਨੂੰ ਉਹ ਹੰਕਾਰ ਨਹੀਂ ਕੇਵਲ ਜੇਤੂ ਹੋਣ ਦੀ ਭਾਵਨਾ ਹੀ ਸਮਝਦਾ ਹੈ, ਉਸ ਅੰਦਰ ਪ੍ਰਵੇਸ਼ ਕਰ ਜਾਂਦਾ ਹੈ। ਜੇ ਭਗਤ ਜਨ ਪ੍ਰਵਿਰਤੀ ਨੂੰ ਠੱਲ੍ਹ ਨਾ ਪਾ ਸਕੇ ਤਾਂ ਵਿਕਾਰਾਂ ਲਈ ਰਾਹ ਖੁਲ੍ਹ ਜਾਂਦਾ ਹੈ। ਪਰ ਜੇ ਗੁਰਸਿਖ ਸਾਵਧਾਨ ਰਹੇ ਤਾਂ ਉਹ

ਭਈ ਜੀਤ ਮੇਰੀ।। ਕ੍ਰਿਪਾ ਕਾਲ ਤੇਰੀ।।

ਕਹਿਕੇ ਆਪਣੇ ਅਸਲੇ ਨਾਲ ਜੁੜਿਆ ਰਹਿੰਦਾ ਹੈ। ਇਹ ਹੀ ਉਸਦੀ ਸੂਰਮਤਾ ਦੀ ਪਰਖ-ਕਸਵਟੀ ਹੈ। ਉਹ ਅਸਲੇ ਨਾਲ ਜੁੜਿਆ ਹੋਣ ਕਰਕੇ ਵਿਕਾਰਾਂ ਦੇ ਸੂਖ਼ਸ਼ਮ ਸਰੂਪ ਨਾਲ ਵੀ ਯੁੱਧ ਰਚਾਈ ਰੱਖਦਾ ਹੈ। ਜੇਤੂ ਹੋਣ ਦੇ ਮਾਨ ਤੋਂ ਸਦਾ ਬਚ ਕੇ ਰਹਿਣ ਦਾ ਯਤਨ ਕਰਦਾ ਹੈ : ਉਹ ਜਾਣਦਾ ਹੈ :

੧. ਮਾਨ ਮੁਨੀ ਮੁਨਿਵਰ ਗਲੇ ਮਾਨੁ ਸਭੈ ਕਉ ਖਾਇ।। (੧੩੭੨)

੨. ਸੂਰੇ ਏਹ ਨ ਆਖੀਅਹਿ ਅਹੰਕਾਰਿ ਮਰਹਿ ਦੁਖੁ ਪਾਵਹਿ।।
------------------------------
ਅਤਿ ਕਰੋਧ ਸਿਉ ਲੂਝਦੇ ਅਗੈ ਪਿਛੈ ਦੁਖੁ ਪਾਵਹਿ।। (੧੦੮੯)

੩. ਨਾਨਕ ਸੋ ਸੂਰਾ ਵਰੀਆਮ ਜਿਨਿ ਵਿਚਹੁ ਦੁਸਟੁ ਅਹੰਕਰਣੁ ਮਾਰਿਆ।। ਗੁਰਮੁਖਿ ਨਾਮੁ ਸਾਲਾਹਿ ਜਨਮੁ ਸਵਾਰਿਆ।। (੮੬)

ਇਨ੍ਹਾਂ ਦੋਖੀਆਂ ਨੂੰ ਪੰਜ ਚੋਰ, ਪੰਜ ਬਿਖਾਦੀ ਆਦਿ ਕਹਿਕੇ ਵਰਣਨ ਕੀਤਾ ਗਿਆ ਹੈ ਜਿਨ੍ਹਾਂ ਕੋਲੋਂ ਛੁਟਕਾਰਾ ਕੇਵਲ ਗੁਰੂ ਦੀ ਬਖ਼ਸ਼ਿਸ਼ ਨਾਲ ਹੀ ਹੁੰਦਾ ਹੈ। ਇਹ ਅਜਿਹੇ 'ਸਿਕਦਾਰ' ਹਨ ਜੋ ਜੀਵ ਦੀ ਮਾਨਸਿਕ ਤੇ ਆਤਮਕ ਸ਼ਕਤੀ ਨੂੰ ਖੇਰੂੰ ਖੇਰੂੰ ਕਰਕੇ, ਉਸਨੂੰ ਅਸਲੋਂ ਨਿਰਬਲ ਤੇ ਨਿਤਾਣਾ ਬਣਾ ਦੇਂਦੇ ਹਨ। ਗੁਰਬਾਣੀ ਵਿਚ ਇਨ੍ਹਾਂ ਬਾਰੇ ਥਾਉਂ ਥਾਈਂ ਚੇਤਾਵਨੀ ਕਰਾਈ ਗਈ ਹੈ:

੧. ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ
ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ।।
ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ
ਕੋਇ ਨ ਸੁਣੈ ਪੂਕਾਰਾ।। (੬੦੦)

੨. ਅਵਰਿ ਪੰਚ ਹਮ ਏਕ ਜਨਾ
ਕਿਉ ਰਾਖਉ ਘਰ ਬਾਰੁ ਮਨਾ।।
ਮਾਰਹਿ ਲੂਟਹਿ ਨੀਤ ਨੀਤ
ਕਿਸੁ ਆਗੈ ਕਰੀ ਪੁਕਾਰ ਜਨਾ।। (੧੫੫)

੩. ਸਰਵਰ ਪੰਖੀ ਹੇਕੜੋ ਫਾਹੀਵਾਲ ਪਚਾਸ।।
ਇਹੁ ਤਨੁ ਲਹਰੀ ਗਡੁ ਥਿਆ ਸਚੇ ਤੇਰੀ ਆਸ।। (੧੩੮੪)

ਇਨ੍ਹਾਂ ਪੰਜਾਂ ਤੋਂ ਖ਼ਲਾਸੀ ਪਾਉਣ ਲਈ ਸਤਿਗੁਰੂ ਅੱਗੇ ਅਰਦਾਸ ਕਰਨੀ ਜ਼ਰੂਰੀ ਹੈ :

ਪੰਚ ਬਿਖਾਦੀ ਏਕੁ ਗਰੀਬਾ
ਰਾਖਹੁ ਰਾਖਨ ਹਾਰੇ।।
ਖੇਦੁ ਕਰਹਿ ਅਰੁ ਬਹੁਤੁ ਸੰਤਾਵਹਿ
ਆਇਓ ਸਰਨਿ ਤੁਹਾਰੇ।। ੧।।
ਕਰਿ ਕਰਿ ਹਾਰਿਓ ਅਨਿਕ ਬਹੁ ਭਾਤੀ
ਛੋਡਹਿ ਕਤਹੂੰ ਨਾਹੀ।।
ਏਕ ਬਾਤ ਸੁਨਿ ਤਾਕੀ ਓਟਾ
ਸਾਧ ਸੰਗਿ ਮਿਟਿ ਜਾਹੀ।।੨।। (੨੦੫)

ਗੁਰੂ ਦਾ ਗਿਆਨ ਖੜਗ ਹੈ ਜਿਸ ਦੀ ਸਹਾਇਤਾ ਨਾਲ ਗੁਰਸਿਖ ਇਨ੍ਹਾਂ ਦੋਖੀਆਂ ਨੂੰ ਚਿੱਤ ਕਰ ਦੇਂਦਾ ਹੈ। ਇਹ ਗਿਆਨ ਹੀ ਗੁਰੂ ਦੀ ਥਾਪਨਾ ਹੈ ਜੋ ਵੈਰੀਆਂ ਉੱਤੇ ਜਿੱਤ ਪ੍ਰਾਪਤ ਕਰਨ ਲਈ ਤਿੱਖਾ ਹਥਿਆਰ ਹੈ :

ਕਾਮੁ ਕ੍ਰੋਧ ਅਹੰਕਾਰੁ ਨਿਵਾਰੇ।।
ਤਸਕਰ ਪੰਚ ਸਬਦਿ ਸੰਘਾਰੇ।।
ਗਿਆਨ ਖੜਗੁ ਲੈ ਮਨ ਸਿਉ ਲੂਝੈ
ਮਨਸਾ ਮਨਹਿ ਸਮਾਈ ਹੇ।। (੧੦੨੨)

ਗੁਰ ਤੇ ਗਿਆਨੁ ਪਾਇਆ ਅਤਿ ਖੜਗੁ ਕਰਾਰਾ।।
ਦੂਜਾ ਭ੍ਰਮੁ ਗੜੁ ਕਟਿਆ ਮੋਹੁ ਲੋਭੁ ਅਹੰਕਾਰਾ।। (੧੦੮੭)

ਚੰਦਨ ਵਾਸੁ ਭੁਇਅੰਗਮ ਵੇੜੀ ਕਿਵ ਮਿਲੀਐ
ਚੰਦਨੁ ਲੀਜੈ।।
ਕਾਢਿ ਖੜਗੁ ਗੁਰ ਗਿਆਨੁ ਕਰਾਰਾ
ਬਿਖੁ ਛੇਦਿ ਛੇਦਿ ਰਸੁ ਪੀਜੈ। (੧੩੨੪)

ਨਾਮ ਰੂਪੀ ਚੰਦਨ ਦੀ ਪ੍ਰਾਪਤੀ ਲਈ, ਗੁਰ ਗਿਆਨ ਰੂਪੀ ਖੜਗੁ ਦੇ ਕਰਾਰੇ ਵਾਰ ਨਾਲ ਭੁਇਅੰਗਮ ਬਿਖ ਨੂੰ ਖ਼ਤਮ ਕਰਕੇ ਹੀ ਸਫਲ ਹੋ ਸਕਦਾ ਹੈ। ਗੁਰਮਤਿ-ਗਿਆਨ-ਖੜਗੁ ਹੀ ਕਾਇਆਂ ਨਗਰੀ ਵਿਚੋਂ ਰਾਮ ਨਾਮ ਧਨ ਲੁੱਟਣ ਵਾਲੇ ਪੰਜ ਚੋਰਾਂ ਕੋਲੋਂ ਇਸ ਰਾਸ ਨੂੰ ਬਚਾਉਣ ਦੀ ਸਮਰਥਾ ਦੇਂਦਾ ਹੈ। ਗੁਰ ਸਿਖ ਨੂੰ ਨਿਤ ਨਿਤ ਇਨ੍ਹਾਂ ਦੋਖੀਆਂ ਨਾਲ ਯੁੱਧ ਰਚਾਉਣਾ ਪੈਂਦਾ ਹੈ। ਗੁਰ ਫ਼ਰਮਾਣ ਹੈ :

ਕਾਮ ਕਰੋਧੁ ਨਗਰ ਮਹਿ ਸਬਲਾ
ਨਿਤ ਉਠਿ ਉਠਿ ਜੂਝੁ ਕਰੀਜੈ।।



www.AKJ.Org

ਅੰਗੀਕਾਰ ਕਰਹੁ ਰਖਿ ਲੇਵਹੁ ਗੁਰ ਪੂਰਾ ਕਾਦਿ ਕਦੀਜੈ।। (੧੩੨੫)

ਗਿਆਨ ਖੜਗੁ ਅਤੇ ਨਾਮ ਦਾ ਖੰਡਾ ਚਲਾਉਂਦਾ ਹੋਇਆ ਉੱਚ ਦੁਮਾਲੜਾ ਸਿੱਖ, ਗੋਸਾਈ ਦਾ ਪਹਿਲਵਾਨ ਬਣ ਕੇ ਮਾਨਸਿਕ ਧਰਾਤਲ ਦੀ ਛਿੰਝ ਵਿਚ ਸ਼ਰਧਾ, ਵਿਸ਼ਵਾਸ ਤੇ ਭਰੋਸੇ ਦਾ ਸੰਜੋਗ ਪਹਿਨ ਕੇ ਨਿਤਰਦਾ ਹੈ, ਜਿਥੇ:-

ਵਾਤ ਵਜਨਿ ਟੰਮਕ ਭੇਰੀਆ।।
ਮਲ ਲਥੇ ਲੈਦੇ ਫੇਰੀਆ ।।

ਤਾਂ ਜੇਤੂ ਹੋ ਕੇ ਪੁਕਾਰ ਉਠਦਾ ਹੈ :

ਨਿਹਤੇ ਪੰਜਿ ਜੁਆਨ ਮੈ
ਗੁਰ ਥਾਪੀ ਦਿਤੀ ਕੰਡਿ ਜੀਉ_ ।।੧੮।। (ਪੰਨਾ੭੪)

ਅਜਿਹਾ ਗੁਰਸਿਖ ਹੀ ਯੋਧਾ ਹੈ, ਬਲਵਾਨ ਹੈ, ਪੂਰੇ ਨਾਲ ਮਿਲ ਕੇ ਪੂਰਨਤਾ ਤੱਕ ਪਹੁੰਚਦਾ ਹੈ :

ਜਿਨਿ ਮਿਲਿ ਮਾਰੇ ਪੰਚ ਸੂਰਬੀਰ
ਐਸੋ ਕਉਨੁ ਬਲੀ ਰੇ।।
ਜਿਨਿ ਪੰਚ ਮਾਰਿ ਬਿਦਾਰਿ ਗੁਦਾਰੇ
ਸੋ ਪੂਰਾ ਇਹ ਕਲੀ ਰੇ।। (ਪੰਨਾ ੪੦੪)

ਸੂਰਮੇ ਦੀ ਤਾਰੀਫ਼ ਹੀ ਬਾਣੀ ਵਿਚ ਇਸ ਤਰ੍ਹਾਂ ਦਰਸਾਈ ਗਈ ਹੈ:

ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ
ਸੋ ਕਹੀਅਤਿ ਹੈ ਸੂਰਾ।।

ਕਿਉਂਕਿ :

ਜਿਤੁ ਗ੍ਰਿਹਿ ਗੁਨ ਗਾਵਤੇ,
ਹਰਿ ਕੇ ਗੁਨ ਗਾਵਤੇ,ਰਾਮਗੁਨ ਗਾਵਤੇ
ਤਿਤੁ ਗ੍ਰਿਹਿ ਵਾਜੇ ਪੰਚ ਸਬਦ ਵਡ ਭਾਗ ਮਥੋਰਾ।।
ਤਿਨ ਜਨ ਕੇ ਸਭ ਪਾਪ ਗਏ, ਸਭਿ ਦੋਖ ਗਏ,
ਸਭਿ ਰੋਗ ਗਏ, ਕਾਮੁ ਕ੍ਰੋਧੁ ਲੋਭੁ ਮੋਹੁ ਅਭਿਮਾਨ ਗਏ
ਤਿਨ ਜਨ ਕੇ ਹਰਿ ਮਾਰਿ ਕਢੇ ਪੰਚ ਚੋਰਾ।। (੧੨੦੧)

"ਹਰਿ ਹਰਿ ਜਨ ਦੁਇ ਏਕ ਹੈ ਬਿਬ ਵਿਚਾਰ ਕਛੁ ਨਾਹਿ"

ਦੇ ਸਿਧਾਤ ਅਨੁਸਾਰ ਅਜਿਹਾ ਸੂਰਮਾ ' ਹਰਿ ਜੀ ' ਵਾਂਗ ਹੀ ਨਿਰਭਉ ਤੇ ਨਿਰਵੈਰ ਹੋ ਜਾਂਦਾ ਹੈ। ਸਭਸ ਗੁਰੂ ਸਰੂਪ ਗਿਆਨ ਖੜਗੁ, ਨਾਮ ਨੇਜ਼ਾ, ਸ਼ਬਦ ਖੰਡਾ ਵਰਤ ਕੇ ਗੁਰਸਿੱਖਾਂ ਵਿਚ ਆਪਣੀ ਸ਼ਕਤੀ ਦਾ ਪ੍ਰਵੇਸ਼ ਕਰਾਉਂਦੇ ਰਹੇ।

ਆਤਮਿਕ ਵੀਰਤਾ ਹੀ ਸਰੀਰਕ ਬਲ ਵਿਚ ਪ੍ਰਗਟ ਹੁੰਦੀ ਹੈ। ਅੰਦਰਲੇ ਵੈਰੀਆਂ ਨਾਲ ਯੁੱਧ ਰਚਾ ਕੇ ਜੇਤੂ ਹੋਣ ਵਾਲਾ ਹੀ ਬਾਹਰਲੇ ਵੈਰੀਆਂ ਨਾਲ ਜੂਝਣ ਲਈ ਤਿਆਰ ਹੁੰਦਾ ਹੈ। ਗੁਰ ਸੂਰਮੇ ਦੇ ਸੂਰਮੇ ਸਿੱਖਾਂ ਨੇ ਦੀਨ ਰੱਖਿਆ ਲਈ ਅਕਹਿ ਤੇ ਅਸਹਿ ਕਸ਼ਟ ਸਹਾਰੇ, ਦੇ ਗਾਂ ਵਿਚ ਉਬਾਲੇ ਖਾਧੇ, ਆਰਿਆਂ ਨਾਲ ਤਨ ਚਿਰਵਾਏ , ਰੰਬੀਆਂ ਨਾਲ ਖੋਪਰੀਆਂ ਲੁਹਾਈਆਂ, ਚਰਖੜੀਆਂ ਤੇ ਚੜ੍ਹ ਕੇ ਸ਼ਹੀਦ ਹੋਏ, ਜੀਉਂਦੇ ਜੀ ਅਗਨ ਭੇਟ ਹੋ ਗਏ । ਕਿਹੜੇ ਕਿਹੜੇ ਕਸ਼ਟ ਦਾ ਵਰਣਨ ਕੀਤਾ ਜਾਵੇ ? ਕਰਤੇ ਦੀ ਕੁਦਰਤ ਬੇਅੰਤ ਅਤੇ ਕਰਤੇ ਨਾਲ ਜੁੜੇ ਸਿੱਖਾਂ ਦੀ ਕੁਰਬਾਨੀ ਬੇਅੰਤਤਾ ਦੀ ਸੀਮਾ ਨੂੰ ਉਲੰਘਣ ਵਾਲੀ ਕੁਰਬਾਨੀ ਸੂਰਮਾ ਹੀ ਦੇ ਸਕਦਾ ਹੈ, ਕਾਇਰ ਜਾਂ ਬੁਜ਼ਦਿਲ ਨਹੀਂ। ਅਸਲੇ ਨਾਲ ਜੁੜਿਆ ਮਨੁੱਖ ਹੀ ਸ਼ਕਤੀ ਦੇ ਸੋਮੇ ਵਿਚੋਂ ਸ਼ਕਤੀ ਪ੍ਰਾਪਤ ਕਰਦਾ ਹੋਇਆ, ਆਤਮ ਬਲ ਦੇ ਆਸਰੇ ਅਜਿਹੇ ਕੌਤਕ ਵਰਤਾ ਸਕਦਾ ਹੈ।

ਭਗਤ ਕਬੀਰ ਜੀ ਨੇ ਆਪਣੇ ਜੋਤ ਸਰੂਪ ਅਸਲੇ ਨੂੰ ਪਛਾਣਿਆ। ਵਿਰੋਧੀ ਸ਼ਕਤੀਆਂ ਦੇ ਹੜ੍ਹ ਦੇ ਸਾਮ੍ਹਣੇ ਨਿਧੜਕ ਹੋ ਕੇ ਖੜੇ ਰਹੇ। ਪਹਾੜ ਦੀ ਕਠੋਰਤਾ, ਭਿਆਨਕ ਸਮੁੰਦਰੀ ਤੂਫ਼ਾਨ, ਰਾਜ ਸੱਤਾ ਦੀ ਜ਼ਾਲਮ ਤਲਵਾਰ, ਧਰਮ ਦੇ ਠੇਕੇਦਾਰਾਂ ਦਾ ਪ੍ਰਬਲ ਵਿਰੋਧੀ , ਕੋਈ ਸ਼ਕਤੀ ਵੀ ਆਪ ਦੇ ਮਨ ਨੂੰ ਡੁਲਾ ਨਾ ਸਕੀ। ਮਨ ਦੀ ਨਿਜਘਰ ਅਡੋਲ ਸਮਾਧੀ ਨੇ ਤਨ ਵਿਚ ਅਥਾਹ ਸ਼ਕਤੀ ਭਰ ਦਿਤੀ ਤਾਂ ਹੀ ਤੇ ਬੋਲ ਉਠੇ :

ਮਨੁ ਨ ਡਿਗੈ ਤਨੁ ਕਾਹੇ ਕਉ ਡਰਾਇ।। (੧੧੬੨)

ਆਪ ਨੇ ਆਪਣੇ ਮਨ ਦੀ ਮਤ ਉੱਤੇ ਪ੍ਰਭਾਵ ਪਾਉਣ ਵਾਲੀਆਂ ਵਿਕਾਰ ਰੂਪ ਦੋਖੀ ਸ਼ਕਤੀਆਂ ਨੂੰ ਗੁਰੂ ਦੀ ਮੱਤ ਦੁਆਰਾ ਪੈਰਾਂ ਵਿਚ ਮਧੋਲ, ਮਨ ਮਤਿ ਨੂੰ ਪੁਰਜ਼ਾ ਪੁਰਜ਼ਾ ਕਰਕੇ ਗੁਰੂ ਚਰਨਾਂ ਵਿਚ ਵਿਛਾ ਦਿਤਾ। ਮਨ ਦੀ ਮਤ ਤਿਆਗ ਦਿੱਤੀ, ਗੁਰੂ ਦੀ ਮਤ ਦਾ ਪ੍ਰਵੇਸ਼ ਹੋਇਆ: ਜਾਂ ਕਹਿ ਲਈਏ ਗੁਰੂ ਦੀ ਮਤ ਪ੍ਰਪਾਤ ਹੋਈ, ਮਨ ਦੀ ਮਤ ਦਾ ਨਾਸ ਹੋ ਗਿਆ। ਗੁਰੂ ਦੀ ਮਤ ਸਾਹਵੇ ਪੰਜ ਚੋਰ ਟਿਕ ਨਹੀਂ ਸਕਦੇ। ਗੁਰਮਤ ਰੂਪ ਬਾਣ ਹੱਥਾਂ ਵਿਚ ਹੋਵੇ, ਗੁਰ ਸੂਰਮੇ ਦਾ ਸੂਰਾ ਸਿੱਖ ਵੀ ਰਣ ਭੂਮੀ ਵਿਚ ਮਲਾਂ ਮਾਰਦਾ ਸਦਾ ਜੇਤੂ ਬਣ ਕੇ ਚੜ੍ਹਦੀ ਕਲਾ ਵਿਚ ਵਿਚਰਦਾ ਹੈ :

ਜੋ ਸੂਰਾ ਤਿਸ ਹੀ ਹੋਇ ਮਰਣਾ।।
ਜੋ ਭਾਗੈ ਤਿਸੁ ਜੋਨੀ ਫਿਰਣਾ।। (੧੦੧੯)

ਅੰਦਾਲੇ ਵੈਰੀਆਂ ਨੂੰ ਖ਼ਤਮ ਕਰਨ ਵਾਲਾ ਸੂਰਮਾ ਹੀ ਰਣ ਭੂਮੀ ਵਿਚ ਬਾਹਰਲੇ ਵੈਰੀਆਂ ਨਾਲ ਲੋਹਾ ਲੈ ਸਕਦਾ ਹੈ। ਮਰਨ ਲਈ ਤਿਆਰ ਰਹਿਣ ਵਾਲਾ ਹੀ, ਮਾਰਨ ਦੇ ਸਮਰਥ ਹੁੰਦਾ ਹੈ। ਦਸਮੇਸ ਪਿਤਾ ਨੇ ਸਿਰਾਂ ਦੀ ਮੰਗ ਕੀਤੀ। ਪੁਰਜ਼ਾ ਪੁਰਜ਼ਾ ਹੋ ਚੁਕੀ ਮਨਮਤ ਵਾਲੇ ਸੂਰਮੇ ਸਿੱਖ ਗੁਰੂ ਹੁਕਮ ਅੱਗੇ ਸ਼ੀਸ ਨਿਵਾ ਆਪਾ

ਬਾਕੀ ਪੰਨਾ ੧੪ ਤੇ...



www.AKJ.Org

# ਤੇ ਜਨਮਤ ਗੁਰਮਤਿ ਬ੍ਰਹਮ ਪਛਾਣਿਓ ।

( ਪ੍ਰੋ: ਸੱਜਣ ਸਿੰਘ ਜੀ )

ਸ੍ਰੀ ਗੁਰੂ ਅਰਜਨ ਦੇਵ ਜੀ ਪਹਿਲੇ ਗੁਰੂ ਵਿਅਕਤੀ ਹਨ, ਜਿਨ੍ਹਾਂ ਇੱਕੋ ਸਮੇਂ ਪਿਤਾ ਦੇ ਪਿਆਰ ਤੇ ਬਰਖੁਰਦਾਰੀ ਦੇ ਨਾਲ ਨਾਲ ਸਤਿਗੁਰੂ ਦੀ ਸੇਵਾ ਤੇ ਸਤਿਕਾਰ ਨੂੰ ਸਚੁੱਜੇ ਢੰਗ ਨਾਲ ਨਿਭਾਇਆ। ਆਪ ਜੀ ਤੋਂ ਪਹਿਲਾਂ ਹਰੇਕ ਪੁੱਤਰ ਨੇ ਗੁਰੂ-ਪਿਤਾ ਨੂੰ ਜਿਵੇਂ ਪਿਤਾ ਜਾਣਿਆ ਉਵੇਂ ਗੁਰੂ ਨਹੀਂ, ਅਰਥਾਤ ਆਪਣੇ ਪਿਤਾ ਦੀ ਸੰਸਾਰਕ ਜਾਇਦਾਦ ਤੇ ਨਾਮ ਦੇ ਖਜ਼ਾਨੇ ਨੂੰ ਜੱਦੀ ਮਲਕੀਅਤ ਹੀ ਸਮਝਿਆ। ਜੇ ਕੋਈ ਰੱਬੀ ਗਿਆਨ ਤੇ ਦੁਨਿਆਵੀ ਪਦਾਰਥਾਂ ਦੇ ਅਲੱਗ -ਅਲੱਗ ਗੁਣਾਂ ਤੇ ਨਿਯਮਾਂ ਨੂੰ ਸਮਝ ਲੈਂਦਾ ਤਾਂ ਗੁਰਗੱਦੀ ਦੀ ਦਾਤ ਪ੍ਰਾਪਤੀ ਸਮੇਂ ਈਰਖਾ ਜਾਂ ਰੋਸ ਦਾ ਪ੍ਰਗਟਾਵਾ ਨਾ ਹੁੰਦਾ। ਉਂਜ ਤਾਂ ਹਰੇਕ ਗੁਰੂ ਵਿਅਕਤੀ ਨੂੰ ਗੁਰਤਾ ਗੱਦੀ ਦੀ ਦਾਤ ਧੁਰ ਦਰਗਾਹੋਂ ਹੀ ਪ੍ਰਾਪਤ ਹੋਈ ਸੀ ਤੇ ਸੇਵਾ , ਆਗਿਆ ਪਾਲਣ, ਆਤਮ-ਸਮਰਪਣ ਕਰੜੀ ਘਾਲ , ਨਿਮਰਤਾ ,ਪ੍ਰੀਖਿਆ ਆਦਿ ਰੱਬੀ ਰਜ਼ਾ ਦਾ ਹੀ ਭਾਗ ਸੀ ਪਰ ਭੱਟਾਂ ਦੀ ਬਿਮਲ ਦ੍ਰਿਸਟੀ ਵਿਚ ਸਚੇ ਗੁਰਦੇਵ,ਪੰਚਮ ਪਾਤਸ਼ਾਹ ਨੂੰ ਗੁਰਮਤਿ ਬ੍ਰਹਮ ਦੀ ਪਛਾਣ ਜਨਮ ਤੋਂ ਹੀ ਹੋ ਗਈ ਸੀ।

ਗੁਰ ਰਾਮਦਾਸ ਘਰਿ ਕੀਅਉ ਪ੍ਰਗਾਸਾ ।।
ਸਗਲ ਮਨੋਰਥ ਪੂਰੀ ਆਸਾ।।
ਤੈ ਜਨਮਤ ਗੁਰਮਤਿ ਬ੍ਰਹਮੁ ਪਛਾਣਿਓ।।
ਕਲ੍ਯ ਜੋੜਿ ਕਰ ਸੁਜਸ ਵਖਾਣਿਓ।।

(ਭੱਟਾਂ ਦੇ ਸਵਈਏ - ੧੪੦੬-੭)

ਇਹ ਭੱਟ ਇਕ ਹੋਰ ਬਚਨ ਦੁਆਰਾ ਫੁਰਮਾਉਂਦੇ ਹਨ ਕਿ ਗੁਰੂ ਅਰਜਨ ਦੇਵ ਜੀ ਆਪਣੇ ਪਿਤਾ ਗੁਰੂ ਰਾਮਦਾਸ ਜੀ ਦੇ ਗ੍ਰਹਿ ਵਿਖੇ ਗਿਆਨ ਦਾ ਪ੍ਰਕਾਸ਼ ਲੈ ਕੇ ਆਏ ਸਨ ਤੇ ਅਵਤਾਰ ਧਾਰਨ ਸਮੇਂ ਹੀ ਪੂਰਨ ਭਗਤ ਸਨ।

ਗੁਰੂ ਅਰਜੁਨੁ ਘਰਿ ਗੁਰ ਰਾਮਦਾਸ ਭਗਤ ਉਤਰਿ ਆਯਉ ।।

(੧੪੦੭)

ਇਹ ਭੱਟ , ਕਲ੍ਯ ਜਾਂ ਕਲ੍ਯਸਹਾਰ ਬਾਕੀ ਭੱਟਾਂ ਦਾ ਆਗੂ ਸੀ ਜਿਸ ਨੇ ਆਪਣੇ ਸਾਥੀਆਂ ਸਮੇਤ ਆਤਮਕ ਸ਼ਾਂਤੀ ਤੇ ਪ੍ਰਭੂ ਪ੍ਰਾਪਤੀ ਲਈ ਦੇਸ ਦੇਸਾਂਤਰ ਦਾ ਭ੍ਰਮਣ ਕੀਤਾ ਸੀ ਤੇ ਕੱਚੇ ਪਿੱਲੇ ਗੁਰੂਆਂ ਨੂੰ ਪਾਖੰਡ, ਦਿਖਾਵੇ ਤੇ ਕਰਮ ਕਾਂਡ ਵਿੱਚ ਫਸਿਆ ਤੱਕਿਆ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਗੱਦੀ ਤੇ ਬਿਰਾਜਮਾਨ ਹੋਇਆਂ ਥੋੜਾ ਸਮਾਂ ਹੀ ਹੋਇਆ ਸੀ ਕਿ ਭੱਟਾਂ ਨੂੰ ਹਜ਼ੂਰ ਦੇ ਦਰਸਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਉਨ੍ਹਾਂ ਨੇ ਗੁਰਦੇਵ ਜੀ ਦੀ ਪਾਵਨ ਦ੍ਰਿਸ਼ਟੀ ਤੇ ਜਗਤ ਉਧਾਰਣ ਨਾਮ ਦੀ ਦੈਵੀ ਬਖ਼ਸ਼ਸ਼ ਦਾ ਅਜਿਹਾ ਅਨੂਠ ਰਸ ਭੁੰਚਿਆ ਕਿ ਉਹਨਾਂ ਦਾ ਹਿਰਦਾ ਗਿਆਨ ਦੇ ਪ੍ਰਕਾਸ਼ ਨਾਲ ਲਬਾ ਲਬ ਭਰ ਗਿਆ, ਇਲਾਹੀ ਨੂਰ ਨਾਲ ਜਗਮਗਾ ਉੱਠਿਆ, ਦੁਨਿਆਈ ਭਟਕਣ ਮੁੱਕ ਗਈ ਤੇ ਹੋਰ ਕਿਸੇ ਦਰ ਤੇ ਜਾਣ ਦਾ ਸੰਕਲਪ ਨਾ ਰਹਿਆ। ਉਨ੍ਹਾਂ ਨੇ ਆਪਣੇ ਬਾਰੇ ਆਖਿਆ।

ਜਗਤ ਉਧਾਰਣੁ ਨਾਮੁ ਸਤਿਗੁਰ ਤੁਠੈ ਪਾਇਅਉ।।
ਅਬ ਨਾਹਿ ਅਵਰ ਸਰਿ ਕਾਮੁ ਬਾਰੰਤਰਿ ਪੂਰੀ ਪੜੀ।।

(੧੪੦੮)

ਭਾਵੇਂ ਥੋੜੇ ਸਮੇਂ ਵਿੱਚ ਗੁਰਦੇਵ ਜੀ ਦੇ ਬੇਅੰਤ ਗੁਣਾਂ ਦਾ ਅਜੇ ਪੂਰਨ ਤੌਰ ਤੇ ਪ੍ਰਗਟਾਵਾ ਨਹੀਂ ਹੋਇਆ ਸੀ ਫਿਰ ਭੀ ਭੱਟਾਂ ਨੇ ਜਿਨ੍ਹਾਂ ਗੁਣਾਂ ਦਾ ਸਪਸ਼ਟ ਰੂਪ ਵਿਚ ਗਾਇਨ ਕੀਤਾ ਹੈ ਉਹ ਹਜੂਰ ਦੀ ਸਮੁੱਚੀ ਸਖਸ਼ੀਅਤ ਦੇ ਮੁੱਖ ਅੰਗ ਹਨ, ਜਿਨ੍ਹਾਂ ਵਲ ਸਾਡਾ ਧਿਆਨ ਆਕਰਖਤ ਕੀਤਾ ਹੈ। ਉਹ ਹਨ :- ਭਗਤਿ ਜੋਗ ਕੋ ਜੈਤਵਾਰ-ਰਾਜ ਮਹਿ ਜੋਗ ਕਮਾਯਉ-ਸਬਦ ਗੁਰੂ ਪ੍ਰਕਾਸਿਓ-ਪਰ ਦੁਖ ਨਿਵਾਰਣ- ਮੇਦਨਿ ਭਰ ਸਹਤਾ ਆਦਿਕ।

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਪੂਰਨ ਜੋਗੀ ਸਨ, ਦੁਨਿਆਵੀ ਕਸੌਟੀ ਤੇ ਨਹੀਂ, ਗੁਰਮੁਤਿ ਕਸੌਟੀ ਤੇ ਪੂਰੇ ਉਤਰੇ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਸਿੱਧ ਗੋਸਟਿ' ਵਿੱਚ ਸੱਚੇ ਜੋਗੀ ਹੋਣ ਦੀ ਪ੍ਰਮੁਖ ਸ਼ਰਤ ਇਹ ਰੱਖੀ ਸੀ।

ਸਬਦੈ ਕਾ ਨਿਬੇੜਾ ਸੁਣਿ ਤੂ ਅਉਧੂ
ਬਿਨੁ ਨਾਵੈ ਜੋਗੁ ਨ ਹੋਈ।। (੯੪੬)

ਤੇ ਪੰਚਮ ਪਾਤਸ਼ਾਹ ਕੋਲ ਪਿਉ ਦਾਦੇ ਦਾ ਦਿੱਤਾ ਹੋਇਆ ਇਹੋ ਹੀ ਕੀਮਤੀ ਖਜ਼ਾਨਾ ਸੀ।

ਸੱਚਾ ਜੋਗੀ, ਦੁਖੀਆਂ ਦੇ ਦੁਖਾਂ ਤੇ ਕਠਨ ਸਮੱਸਿਆਵਾਂ ਨੂੰ ਦੇਖ ਕੇ ਗ੍ਰਹਿਸਤ ਦਾ ਤਿਆਗ ਨਹੀਂ



www.AKJ.Org

ਕਰਦਾ, ਅੰਜਨ ਮਾਹਿ ਨਿਰੰਜਨਿ ਰਹਿਣ ਤੇ ਗਿਆਨ ਦਾ ਦੀਵਾ ਬਾਲ ਕੇ ਸੱਚੇ ਮਾਰਗ ਲਾਉਣ ਦਾ ਪਰਉਪਕਾਰ ਕਰਦਾ ਹੈ। ਭੱਟਾਂ ਨੇ ਜਦ ਆਪ ਨੂੰ"ਭਗਤਿ ਜੋਗ ਕੌ ਜੈਤਵਾਰੁ ਹਰਿ ਜਨਕੁ ਉਪਾਯਉ।। (੧੪੦੭) ਆਖਿਆ ਸੀ ਤਾਂ ਉਨ੍ਹਾਂ ਨੂੰ ਗੁਰਦੇਵ ਜੀ ਦੀ ਪਾਵਨ ਸਖਸ਼ੀਅਤ ਵਿਚੋਂ ਜਨਕ ਰਾਜਾ ਦੇ ਦੈਵੀ ਗੁਣਾਂ ਦੀ ਝਲਕ ਦਿਖਾਈ ਦਿੱਤੀ ਹੋਵੇਗੀ। ਅੱਜ ਤਕ ਕੋਈ ਜੋਗੀ ਰਾਜਾ ਨਹੀਂ ਹੋਇਆ,ਭਰਥਰੀ ਨੇ ਰਾਜ ਪਾਟ ਦਾ ਤਿਆਗ ਕਰਕੇ ਹੀ ਜੋਗ ਧਾਰਨ ਕੀਤਾ ਸੀ,ਹਾਂ ਗੁਰਸਿਖ ਜੋਗੀ ,ਰਾਜਾ ਜ਼ਰੂਰ ਹੋਇਆ ਹੈ ਤੇ ਹੋਵੇਗਾ। ਰਾਜਾ ਤਾਂ ਜੋਗੀ ਹੋ ਸਕਦਾ ਹੈ ਜੇ ਉਸ ਵਿੱਚ ਜੋਗੀ ਦੇ ਨਿਰਲੇਪਤਾ, ਸਬਦ ਨਾਮ ਦੀ ਕਮਾਈ, ਸਮਦ੍ਰਿਸ਼ਟੀ ਸਤ ਸੰਤੋਖ ਆਦਿਕ ਗੁਣਾਂ ਦਾ ਵਾਸਾ ਹੋਵੇ। ਗੁਰਦੇਵ ਜੀ ਜਗਤ-ਗੁਰੂ ਰਾਜਿਆਂ ਦੇ ਰਾਜੇ ਸਨ ਜਿਨ੍ਹਾਂ ਨੇ ਗੁਰਮਤਿ ਜੋਗ ਧਾਰਨ ਕੀਤਾ ਤੇ ਰਾਜ ਮਹਿ ਜੋਗੁ ਕਮਾਯਉ। (੧੪੦੮) ਵਾਲੀ ਕਰਨੀ ਕੀਤੀ। ਆਪ ਜੀ ਨੇ ਵਾਸਤਵ ਵਿੱਚ ਰਾਜ-ਜੋਗ ਕਮਾਇਆ ਵੀ ਤੇ ਇਸ ਦਾ ਅਨੂਠਾ ਸੁਆਦ ਜਾਣਿਆ ਤੇ ਮਾਣਿਆ। ਅਨੋਖਾ ਸਹਜਿ ਚੰਦੋਆ, ਗੁਰਗੱਦੀ ਦੀ ਸ਼ੋਭਾ ਨੂੰ ਹੋਰ ਚਮਕਾ ਰਿਹਾ ਸੀ। ਭੱਟ ਦਾ ਫੁਰਮਾਨ ਹੈ:-

> ਗੁਰ ਰਾਮਦਾਸ ਤਨੁ ਸਰਬ ਮੈ
> ਸਹਜਿ ਚੰਦੋਆ ਤਾਣਿਅਉ।।
> ਗੁਰ ਅਰਜੁਨ ਕਲ੍ਯ੍ਚਰੈ
> ਰਾਜ ਜੋਗ ਰਸੁ ਜਾਣਿਅਉ।। (੧੪੦੭)

ਇਹ ਚੰਦੋਆ ਦੇਖਣ ਨੂੰ ਤਾਂ ਸੰਸਾਰਕ ਵਸਤੂ ਪਰਤੀਤ ਹੁੰਦੀ ਹੈ ਪਰ ਅਸਲ ਵਿਚ ਇਹ ਅਧਿਆਤਮਕ ਸ੍ਰੇਸ਼ਟਤਾ ਦਾ ਸਰੂਪ ਹੈ ਤੇ ਹਜ਼ੂਰ ਨੇ ਇਸ ਦੇ ਗਿਆਨ ਦੇ ਕਲਸ ਨੂੰ ਦੈਵੀ ਸਿਫਤਾਂ ਦੇ ਨਾਮ ਮਜੀਠੇ ਰੰਗ ਨਾਲ ਖੂਬ ਲਿਸ਼ਕਾਇਆ ਹੈ।।

> ਹਰਿ ਨਾਮਿ ਲਾਗਿ ਜਗ ਉਧਰ੍ਯਉ,
> ਸਤਿਗੁਰੁ ਰਿਦੈ ਬਸਾਇਅਉ।।
> ਗੁਰ ਅਰਜੁਨ ਕਲ੍ਯ੍ਚਰੈ ਤੈ
> ਜਨਕਹ ਕਲਸੁ ਦੀਪਾਇਅਉ।।੬।। (੧੪੦੮)

ਸਤੇ ਤੇ ਬਲਵੰਡ ਦੀ ਬੁੱਧੀ ਨੂੰ ਲੋਭ ਤੇ ਹਉਮੈ ਨੇ ਭ੍ਰਸ਼ਟ ਕੀਤਾ।। ਭਾਗ ਚੰਗੇ ਸਨ, ਠੋਕਰ ਖਾ ਕੇ ਸੋਝੀ ਆਈ। ਪਰਉਪਕਾਰੀ ਲੱਧਾ ਵਿਚੋਲਾ ਬਣ ਗਿਆ ਪੰਚਮ ਪਾਤਸ਼ਾਹ ਨੇ ਤੱਕਿਆ ਕਿ ਇਨ੍ਹਾਂ ਦੇ ਹੰਕਾਰ ਦਾ ਕੜ ਟੁੱਟ ਗਿਆ ਤੇ ਇਹ ਹੁਣ ਗੁਰੂ ਨਾਨਕ ਦੇ ਦਰਬਾਰ ਸੱਚੇ ਦਿਲੋਂ ਆਏ ਹਨ, ਆਪ ਨੇ ਨਦਰਿ ਰਹਿਮਤ ਕੀਤੀ, ਖਿਮਾ ਦੇ ਸਾਗਰ ਤ੍ਰੁੱਠ ਪਏ, ਭੁੱਲੇ ਤੇ ਦੁਰਕਾਰੇ ਹੋਏ ਬੰਦਿਆਂ ਨੂੰ ਉਹ ਕੁੱਝ ਦਿੱਤਾ, ਸੰਸਾਰ ਵਿੱਚ ਕਿਸੇ ਨੇ ਨਹੀਂ ਦਿੱਤਾ ਉਹ ਸੰਗਤ ਵਿਚ ਗੁਰਬਾਣੀ ਦਾ ਕੀਰਤਨ ਜੁ ਕਰਿਆ ਕਰਦੇ ਸਨ। ਆਪ ਜੀ ਨੇ ਭਾਵੇਂ ਗੁਰਸਿਖਾਂ ਨੂੰ ਆਪ ਕੀਰਤਨ ਕਰਨ ਦੀ ਬਖ਼ਸ਼ਸ਼ ਕੀਤੀ ਪਰ ਭੱਟਾਂ ਨੂੰ ਖਿਮਾ ਕਰਕੇ ਤੇ ਗੁਰੂ ਘਰ ਨਾਲ ਦੁਬਾਰਾ ਜੋੜ ਕੇ ਗੁਰਬਾਣੀ ਤੇ ਕੀਰਤਨ ਦੀ ਕਦਰ ਦਾ ਜਿਹੜਾ ਸਬੂਤ ਦਿੱਤਾ ਹੈ ਉਹ ਆਪਣੇ ਆਪ ਵਿਚ ਲਾਜਵਾਬ ਪ੍ਰਤੀਕਰਮ ਹੈ। ਉਨ੍ਹਾਂ ਦੇ ਰਿਦੇ ਦੀ ਮੈਲ ਕਾਫੂਰ ਹੋ ਗਈ, ਬੁੱਧੀ ਵਿਚ ਗਿਆਨ ਪਰਵੇਸ਼ ਕਰ ਗਿਆ ਤੇ ਮਨ ਵਿੱਚ ਪਸਚਾਤਾਪ ਸਮਾ ਗਿਆ ਆਪਣਾ ਰੋਗ ਮਿਟਾਉਣ ਤੇ ਖੁੱਸੀ ਪਦਵੀ ਪਾਉਣ ਦੀਆਂ ਆਸ਼ਾਵਾਂ ਵਿੱਚ ਗੁਰੂ ਨਾਨਕ ਦੀ ਵਡਿਆਈ ਗਾਉਣ ਦਾ ਚਾਅ ਚੜ੍ਹ ਗਿਆ ਤੇ ਇਹ ਜਜ਼ਬਾ ਉਮਡ ਉਮਡ ਕੇ ਫੁੱਟਿਆ। ਹਜ਼ੂਰ ਦੇ ਤਖਤ ਤੇ ਬੈਠਣ, ਚੰਦੋਏ ਦੇ ਚਮਕਣ ਚੁੜਦੇ ਲਹਿੰਦੇ ਚਹੁੰ ਪਾਸਿਆਂ ਨੂੰ ਰੁਸ਼ਨਾਉਣ ਦੀਆਂ ਘਟਨਾਵਾਂ ਨੂੰ ਅਤਿਅੰਤ ਸੁੰਦਰ ਸ਼ਬਦਾਂ ਵਿਚ ਵਰਨਣ ਕੀਤਾ ਹੈ।

> ਤਖਤਿ ਬੈਠਾ ਅਰਜਨ ਗੁਰੂ, ਸਤਿਗੁਰ ਕਾ ਖਿਵੈ ਚੰਦੋਆ।।
> ਉਗਵਣਹੁ ਤੇ ਆਥਵਣਹੁ, ਚਹੁ ਚਕੀ ਕੀਅਨ ਲੋਆ।।

ਸਤੇ ਬਲਵੰਡ ਦੀ ਵਾਰ-

ਇਤਿਹਾਸ ਸ਼ਾਹਦੀ ਭਰਦਾ ਹੈ ਕਿ ਕੋਈ ਸੰਸਾਰਕ ਰਾਜ ਦੇਰ ਤਕ ਸਲਾਮਤ ਨਹੀਂ ਰਹਿੰਦਾ, ਇਕ ਸਮਾਂ ਆਉਂਦਾ ਹੈ ਤੇ ਉਸ ਦਾ ਅੰਤ ਹੋ ਜਾਂਦਾ ਹੈ, ਭਾਵੇਂ ਉਸ ਦਿਆ ਜੜ੍ਹਾਂ ਪਾਤਾਲ ਤਕ ਪਹੁੰਚੀਆਂ ਹੋਣ। ਮੁਗਲ ਹਕੂਮਤ ਦਾ ਨਾਸ਼ ਹੋਇਆ, ਅੰਗ੍ਰੇਜ਼ੀ ਰਾਜ ਦੀ ਜੜ੍ਹ ਪੁੱਟੀ ਗਈ ਪਰ ਸਤਿਗੁਰੂ ਦਾ ਦੈਵੀ ਰਾਜ ਉਸੇ ਤਰਾਂ ਸੁਭਾਇਮਾਨ ਹੈ। ਭਾਈ ਗੁਰਦਾਸ ਜੀ ਨੇ ਰਾਜ-ਗੱਦੀ ਨੂੰ ਤਖਤ ਤੇ ਰਾਜ ਨੂੰ ਅਬਚਲ ਨਗਰ ਵੀ ਆਖਿਆ ਹੈ।

> ਤਖਤੁ ਬਖਤੁ ਲੈ ਮਲਿਆ
> ਸਬਦ ਸੁਰਤਿ ਵਾਪਾਰਿ ਸਪਤਾ।........
> ਸਚੁ ਨੀਸਾਣ ਦੀਬਾਣ ਸਚੁ,
> ਸਚੁ ਤਾਣੁ ਸਚੁ ਮਾਣ ਮਹਤਾ।।
> ਅਬਚਲੁ ਰਾਜ ਹੋਆ ਸਣਖਤਾ।।

(ਵਾਰ ੨੪-ਪਉੜੀ-੧੯)



www.AKJ.Org

ਸਬਦ ਸੁਰਤਿ, ਪਤ ਦੇ ਵਾਪਾਰ,ਸਚ ਨਾਮ, ਤਾਣ, ਮਾਣ ਦੇ ਸੰਗਮ ਵਾਲਾ ਅਬਚਲ ਰਾਜ ਨਿਰਸੰਦੇਹ ਉੱਤਮ ਤੇ ਸ੍ਰੇਸ਼ਟ ਹੈ।

ਭੱਟ ਅਨੁਸਾਰ ਅਕਾਲ ਪੁਰਖ ਨੇ ਇਹ ਅਨੋਖਾ ਰੱਬੀ ਕੌਤਕ ਰਚਾਇਆ ਤੇ ਗੁਰਦੇਵ ਜੀ ਨੂੰ ਸੰਤੋਖ ਤੇ ਨਿਰਮਲ ਬੁੱਧੀ ਦਾ ਵਿਸ਼ੇਸ਼ ਖਜ਼ਾਨਾ ਪਰਦਾਨ ਕੀਤਾ ਹੈ।

ਖੇਲੁ ਗੂੜਉ ਕੀਅਉ ਹਰਿ ਰਾਇ ਸੰਤੋਖਿ ਸਮਾਚਰੵਿਉ,
ਬਿਮਲ ਬੁਧਿ ਸਤਿਗੁਰਿ ਸਮਾਣਉ।। (੧੪੦੭)

ਸਤਿਗੁਰੂ ਜੀ ਨੇ ਆਪ ਫੁਰਮਾਇਆ ਸੀ ਕਿ ਗੁਰਤਾ-ਗੱਦੀ ਦੇ ਕਿਸੇ ਦਾ ਹੱਕ ਨਹੀਂ ਹੁੰਦਾ। ਇਸ ਦੀ ਪ੍ਰਾਪਤੀ ਲਈ ਸੰਸਾਰਕ ਸੰਬੰਧ, ਸੰਸਾਰਕ ਯੋਗਤਾ ਨੇੜਤਾ, ਵਡੱਪਣ ਕੋਈ ਅਰਥ ਨਹੀਂ ਰੱਖਦੇ। ਅਜਰ ਵਸਤੂ ਨੂੰ ਜਰਨ ਦੀ ਸ਼ਕਤੀ ਨਾ ਰੱਖਣ ਵਾਲੇ ਵੀ ਅਯੋਗ ਹਨ। ਛਤ੍ਰ ਸਿੰਘਾਸਨੁ ਪਿਰਥਮੀ ਦਾ ਦਾਅਵੇਦਾਰ ਭਾਵੇ-ਵੱਡਾ ਭਰਾ ਪ੍ਰਿਥੀ ਚੰਦ ਸੀ ਪਰ ਇਸ ਦੀ ਦਾਤ ਤਾਂ ਪਰਮੇਸਰ ਨੇ ਆਪ ਹੀ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਦਿੱਤੀ ਸੀ ਤੇ ਸਿਰ ਤੇ ਝੁਲਾਉਣ ਲਈ ਸਦੀਵੀ ਰੱਬੀ ਚੌਰ ਵੀ।

ਅਜੈ ਚਵਰੁ ਸਿਰਿ ਢੁਲੈ, ਨਾਮੁ ਅੰਮ੍ਰਿਤੁ ਮੁਖਿ ਲੀਅਉ।।
ਗੁਰ ਅਰਜੁਨ ਸਿਰਿ ਛਤ੍ਰ ਆਪਿ ਪਰਮੇਸਰਿ ਦੀਅਉ।।
(੧੪੦੯)

ਛਤ੍ਰ ਝੁਲਾਉਣ ਦਾ ਭਾਵ ਬੇਫਿਕਰੀ ਦੀ ਨੀਂਦ ਮਾਨਣਾ ਨਹੀਂ, ਖਲਕਤ ਵਾਸਤੇ ਜ਼ੁੰਮੇਵਾਰੀ ਦਾ ਭਾਰ ਉਠਾਉਣਾ ਹੈ।, ਵਕਤੀ ਤੌਰ ਤੇ ਨਹੀਂ ਹਮੇਸ਼ਾ ਲਈ ਆਪਣਾ ਜੀਵਨ ਅਰਪਨ ਕਰਨਾ ਹੈ। ਆਪ ਜੀ ਦਾ ਸਮੁੱਚਾ ਜੀਵਨ, ਪਰਉਪਕਾਰ, ਦੁਖੀਆਂ ਨਾਲ ਹਮਦਰਦੀ ਤੇ ਉਨ੍ਹਾਂ ਦੇ ਦੁਖੜੇ ਹਰਨ ਦਾ ਸਚਿੱਤਰ ਹੈ। ਦੇਸ਼ ਦੇ ਕਿਸੇ ਹਿੱਸੇ ਵਿਚ ਕਾਲ ਪੈ ਜਾਵੈ, ਜਨਤਾ ਮਾਰੂ ਰੋਗਾਂ ਦਾ ਸ਼ਿਕਾਰ ਹੋ ਜਾਇ, ਆਪ ਝੱਟ ਪੱਟ ਲੋੜਵੰਦਾਂ ਦੀ ਸਹਾਇਤਾ ਲਈ ਪ੍ਰਬੰਧ ਕਰਦੇ। ਔੜ੍ਹ ਦੇ ਪ੍ਰਭਾਵ ਤੋਂ ਬਚਾਉਣ ਲਈ ਹਜ਼ੂਰ ਨੇ ਛਿਹਰਟਾ ਸਾਹਿਬ ਦੇ ਖੇਤਰ ਵਿੱਚ ਜਿਹੜੇ ਖੂਹ ਲਗਵਾਏਉਨ੍ਹਾਂ ਦੇ ਨਿਸ਼ਾਨ ਅਜੇ ਤਕ ਕਾਇਮ ਹਨ। ਭੱਟਾਂ ਦੀ ਨਜ਼ਰ ਵਿਚ ਆਪ 'ਗੁਰ ਸੂਰ' ਅਰਥਾਤ ਸੂਰਮੇ ਗੁਰੂ ਸਨ। ਹਰੇਕ ਕਿਸਮ ਦਾ ਡਰ ਦੂਰ ਕਰਨ ਸਮਰਥ ਸਨ ਇਸ ਕਰਕੇ ਆਪ ਨੂੰ ਭਯ ਭੰਜਨ ਕਹਿ ਕੇ ਪੁਕਾਰਿਆ ਹੈ। ਸਾਰਾਸ ਜਿਸ ਜੀਵ ਤੇ ਆਪ ਜੀ ਦੀ ਦ੍ਰਿਸ਼ਟੀ ਪੈਂਦੀ ਉਹ ਨਿਰਭੈਤਾ ਦੀ ਪਦਵੀ ਤੱਕ ਪਹੁੰਚ ਜਾਂਦਾ। ਆਪ ਜੀ ਦੀ ਸੰਗਤ ਦਾ ਏਨਾ ਪ੍ਰਭਾਵ ਸੀ ਕਿ ਏਥੇ ਆਕੇ ਹਰ ਕੋਈ ਆਪਣਾ ਡਰ ਗਵਾ ਲੈਂਦਾ। ਭੱਟ ਕਹਿੰਦੇ ਹਨ ਕਿ ਆਪ ਜੀ ਨੇ ਭੈ ਨਿਰ ਭਉ ਮਾਣਿਅਉ (੧੪੦੭), ਪੰਜ ਸ਼ਤ੍ਰੂਆਂ ਦੀ ਸੈਨਾਂ ਨੂੰ ਗੁਰਦੇਵ ਨੇ ਦਰੜ ਸੁੱਟਿਆ ਤੇ "ਪੰਚਾਹਰੁ ਨਿਦਲਿਉ" ਨੂੰ ਅਮਲੀ ਰੂਪ ਵਿਚ ਲਿਆਂਦਾ। ਗੁਰੂ ਅਰਜਨ ਦੇਵ ਜੀ ਆਪ ਅਕਾਲ ਪੁਰਖ ਦੇ ਸਰੂਪ ਹਨ ਤੇ ਅਰਜਨ, ਵਾਂਗਰ ਜੰਗ ਦੇ ਮੈਦਾਨ ਤੋਂ ਭਜਦੇ ਨਹੀਂ। ਆਪ ਜੀ ਦੇ 'ਨੇਜਾ ਨਾਮ ਨੀਸਾਣੁ ਅੱਗੇ ਕੋਈ ਵਿਕਾਰ ਟਿਕ ਨਹੀਂ ਸਕਿਆ।

ਈਰਖਾ ਐਸੀ ਅਦ੍ਰਿਸ਼ਟ ਅਗਨੀ ਹੈ ਜਿਸ ਵਿੱਚ ਕੇਵਲ ਈਰਖਾ ਕਰਨ ਵਾਲਾ ਸੜਦਾ ਹੈ। ਪਰ ਜਿਹੜਾ ਇਸ ਦੇ ਸੰਪਰਕ ਵਿਚ ਆਉਂਦਾ ਹੈ, ਉਸ ਨੂੰ ਸੇਕ ਲੱਗਣਾ ਸੁਭਾਵਕ ਹੈ। ਵੱਡਾ ਭਰਾ ਪ੍ਰਿਥੀ ਚੰਦ ਉਮਰ ਵਿੱਚ ਵੱਡਾ ਹੋਣ ਕਰਕੇ ਗੁਰਤਾ ਗੱਦੀ ਪ੍ਰਾਪਤ ਕਰਨ ਦਾ ਆਪਣਾ ਹੱਕ ਸਮਝਦਾ ਸੀ। ਉਸ ਲਈ ਬਰਦਾਸ਼ਤ ਕਰਨਾ ਔਖਾ ਹੋ ਗਿਆ ਕਿ ਗੱਦੀ ਛੋਟਾ ਭਰਾ ਪ੍ਰਾਪਤ ਕਰ ਲਏ। ਈਰਖਾ ਤੇ ਕ੍ਰੋਧ ਦੀ ਅਗਨੀ ਨੇ ਉਸ ਦੀ ਆਤਮਾ ਦੇ ਕੋਲੇ ਕਰ ਦਿੱਤੇ। ਬਾਲਕ ਰੂਪ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਸਰੀਰ ਨੂੰ ਹਾਨੀ ਪਹੁੰਚਾਉਣ ਲਈ ਉਸ ਨੇ ਕੋਈ ਕਸਰ ਨ ਛੱਡੀ ਪਰ ਸਫਲ ਨਹੀਂ ਹੋ ਸਕਿਆ। ਓਧਰ ਸ਼ਾਂਤੀ ਦੇ ਪੁੰਜ ਖਿਮਾ ਦੇ ਸਾਗਰ, ਪੰਚਮ ਪਾਤਸ਼ਾਹ ਕੋਲ ਸਬਰ ਤੇ ਸਿਦਕ ਦਾ ਅਥਾਹ ਖਜ਼ਾਨਾ ਸੀ। ਇਉਂ ਲੱਗਦਾ ਸੀ ਕਿ ਚੰਦਰਮਾਂ ਨੇ ਸ਼ੀਤਲਤਾ ਤੇ ਧਰਤੀ ਨੇ ਆਪਣਾ ਧੀਰਜ ਪਾਤਸ਼ਾਹ ਨੂੰ ਸੌਂਪ ਦਿੱਤਾ ਸੀ। ਇੱਕ ਇੱਕ ਗੁਰਸਿਖ ਆਪ ਲਈ ਜਾਨ ਵਾਰਨ ਲਈ ਤੱਤਪਰ ਸੀ। ਪ੍ਰਿਥੀ ਚੰਦ ਕਿਸੇ ਪਖੋਂ ਵੀ ਤਕੜਾ ਨਹੀਂ ਸੀ ਤੇ ਖੁੱਲ ਕੇ ਟਾਕਰਾ ਕਰਨ ਦੀ ਉਸ ਵਿੱਚ ਸਮਰੱਥਾ ਨਹੀਂ ਸੀ। ਉਸ ਨੇ ਸ਼ਰਾਰਤਾਂ ਕੀਤੀਆਂ, ਚੋਰੀ ਛਿਪੀ ਵਾਰ ਕੀਤੇ ਤੇ ਜਾਨ ਤਕ ਲੈਣ ਲਈ ਕੋਝੀਆਂ ਹਰਕਤਾਂ ਕਰਨ ਤੋਂ ਬਾਜ਼ ਨਹੀਂ ਆਇਆ। ਗੁਰੂ ਦਾ ਲੰਗਰ ਮਸਤਾਨਾ ਕਰਨ ਲਈ ਤੇ ਸੰਗਤਾਂ ਤੋੜਨ ਲਈ ਬਥੇਰੇ ਯਤਨ ਕੀਤੇ ਪਰ ਗੁਰਦੇਵ ਜੀ ਨਾ ਘਬਰਾਏ, ਨਾ ਕੋਈ ਚਿੰਤਾ ਕੀਤੀ, ਸਗੋਂ ਸਬਰ ਸਿਦਕ ਸੰਤੋਖ ਦਾ ਦਾਮਨ ਨਹੀਂ ਛੱਡਿਆ। ਐਸੇ ਗੁਣਾਂ ਦਾ ਅਨੁਭਵ ਭੱਟਾਂ ਨੂੰ ਹੋਇਆ ਜਿਨ੍ਹਾਂ ਨੇ ਆਪ ਨੂੰ ਸੀਤਲ ਸੁਖਦਾਤਉ ਦੇ ਰੂਪ ਵਿਚ ਬਖਾਨਿਆ ਹੈ।



www.AKJ.Org

ਉਸ ਸਮੇਂ ਕਿਸੇ ਗੁਰਸਿੱਖ ਦੇ ਖੁਆਬ ਖਿਆਲ ਵਿੱਚ ਨਹੀਂ ਸੀ ਕਿ ਅਦੁੱਤੀ ਸੁਖਦਾਤਉ ਸਤਿਗੁਰੂ ਨੇ ਬੇਅੰਤ ਅਗਨੀਆਂ ਦਾ ਨਾਕਰਾ "ਖੁਨਕ ਨਾਮ ਖੁਦਾਇਆ" ਦੁਆਰਾ ਕਰਨਾ ਹੈ। ਇੱਕ ਪਾਸੇ ਨਹੀਂ ਚਾਰੇ ਪਾਸੇ ਅੱਗ ਹੀ ਅੱਗ-ਬਾਦਸ਼ਾਹ ਦੇ ਤੁੱਅਸਬ ਦੀ ਅੱਗ, ਵੱਡੇ ਭਰਾ ਦੀ ਈਰਖਾ ਦੀ ਅੱਗ, ਕਾਨੇ ਦੀ ਗੁੱਸੇ ਦੀ ਅੱਗ ,ਛੱਜੂ ਦੀ ਹੇਠੀ ਦੀ ਅੱਗ ,ਚੰਦੂ ਦੇ ਹੰਕਾਰ ਦੀ ਅੱਗ,ਕੁਦਰਤ ਦੇ ਗਰਮ ਮੌਸਮ ਦੀ ਅੱਗ ,ਉਪੱਰ ਤੱਤੀ ਰੇਤਾ,ਹੇਠਾਂ ਤਪਦੀ ਕੋਹ ਦੀ ਅੱਗ । ਵਿਚਕਾਰ ਬੈਠੇ ਸਨ, ਪੰਚਮ ਪਾਤਸ਼ਾਹ ਜਿਹੜੇ ਦੱਖ ਸੁੱਖ ਤੋਂ ਨਿਰਲੇਪ ਰਹਿ ਕੇ 'ਤੇਰਾ ਭਾਣਾ ਮੀਠਾ ਲਾਗੇ' ਉਚਾਰ ਰਹੇ ਸਨ ।

ਅੰਤਰ ਇਹ ਸੀ ਕਿ ਦੁਨੀਆਂ ਵਾਲੇ ਆਪਣੇ ਕਰਮਾਂ ਦਾ ਫਲ ਆਪ ਭੁਗਤਦੇ ਹਨ ਆਪਨੇ ਜੱਗ ਵਿਚ ਠੰਢ ਵਰਤਾਉਣ ਲਈ ਜੱਗ ਦਾ ਸਾਰਾ ਸੇਕ ਆਪਣੇ ਉੱਤੇ ਲਿਆ। ਦ੍ਰਿਸ਼ਟਾਤ ਵਜੋ ਇਹ ਸਾਖੀ ਪ੍ਰਚੱਲਤ ਹੈ ਕਿ ਜਦ ਬਿੱਧੀ ਚੰਦ ਦੁਸ਼ਾਲੇ ਲੈ ਕੇ ਵਾਪਸ ਆ ਰਿਹਾ ਸੀ ਤਾਂ ਆਪਣੇ ਆਪ ਨੂੰ ਬਚਾਉਣ ਲਈ, ਉਸ ਨੇ ਅਰਦਾਸ ਕਰਕੇ ਬਲਦੀ ਭੱਠੀ ਦਾ ਸਹਾਰਾ ਲਿਆ । ਏਨਾ ਵਿਸ਼ਵਾਸ ਸੀ ਉਸ ਗੁਰਸਿੱਖ ਵਿਚ ਕਿ ਉਹ ਬੇਫਿਕਰ ਹੋ ਕੇ ਅੱਗ ਵਿਚ ਵੜ ਗਿਆ । ਭਾਈ ਬਿੱਧੀ ਨੂੰ ਨਾਮਧਾਰੀਕ ਅਗਨਿ ਦੇਵਤਾ ਨੇ ਬਿਲਕੁਲ ਸਾੜਿਆ ਨਹੀਂ ਤੇ ਸਾਰਾ ਸੇਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੇ ਸਰੀਰ ਉੱਤੇ ਲੈ ਲਿਆ ਸੀ ਤੇ ਜਲ ਦੀਆਂ ਗਾਗਰਾਂ ਮੰਗਵਾਕੇ ਇਸ਼ਨਾਂਨ ਕਰਨ ਦਾ ਕੌਤਕ ਰਚਿਆ ਸੀ ।

ਭੱਟਾਂ ਲਈ ਇਹ ਬਹੁੱਤ ਵੱਡੇ ਭਾਗਾਂ ਦੀ ਗੱਲ ਸੀ ਕਿ ਐਸੇ ਪੂਰਨ ਸੱਮਰਥ ਗੁਰੂ ਪੰਚਮ ਪਾਤਸ਼ਾਹ ਨੂੰ ਪਰਸਣ ਦਾ ਅਉਸਰ ਪ੍ਰਾਪਤ ਹੋਇਆ ਤੇ ਜਿਨ੍ਹਾਂ ਦਾ ਜਸ ਸਗਲ ਜਗਤ ਵਿੱਚ ਫੈਲਿਆ ਹੋਇਆ ਹੈ ਤੇ ਜੈ ਜੈ ਕਾਰ ਹੋ ਰਹੀ ਹੈ ,ਜਿਨ੍ਹਾਂ ਦੀ ਸੁਰਤੀ ਲਗਾਤਾਰ ਪ੍ਰਭੂ ਦੇ ਚਰਨਾਂ ਵਿੱਚ ਸਮਾਈ ਰਹਿੰਦੀ ਹੈ ਪਰ ਧਰਤੀ ਦਾ ਸਾਰਾ ਭਾਰ ਆਪ ਸਹਿ ਰਹੇ ਹਨ ।

ਜੈ ਜੈਕਾਰ ਜਾਸੁ ਜਗ ਅੰਦਰਿ,
ਮੰਦਰਿ ਭਾਗੁ ਜੁਗਤਿ ਸਿਵ ਰਹਤਾ ।।
ਗੁਰ ਪੂਰਾ ਪਾਯਉ ਬਡਭਾਗੀ
ਲਿਵ ਲਾਗੀ ਮੇਦਨਿ ਭਰੁ ਸਹਤਾ ।।

(੧੪੦੧)

(ਪੰਨਾ ੧੦ ਦਾ ਬਾਕੀ .....)

ਭੇਟ ਕਰਨ ਲਈ ਨਿਤਰੇ ਅਤੇ ਗੁਰੂ ਦੀ ਸ਼ਕਤੀ ਦੇ ਵਾਰਸ ਬਣੇ। ਤੇਗ ਦੀ ਧਾਰ ਵਿਚੋਂ ਜਨਮੇ ਖਾਲਸੇ ਨੇ ਬਹਾਦਰੀ ਦੇ ਜੌਹਰ ਵਿਖਾ ਸੰਸਾਰ ਨੂੰ ਚਕ੍ਰਿਤ ਕਰ ਦਿਤਾ। ਗਿੱਦੜਾਂ ਨੇ ਸ਼ੇਰਾਂ ਦਾ ਰੂਪ ਧਾਰਿਆ, ਚਿੜੀਆਂ ਬਾਜਾਂ ਨਾਲ ਟੱਕਰ ਲੈਣ ਲੱਗੀਆਂ। ਅਦ੍ਰਿਸ਼ਟ ਵੈਰੀਆਂ ਨੂੰ ਜਿੱਤਣ ਵਾਲੇ ਪ੍ਰਤੱਖ ਦਿਸਦੀਆਂ ਖ਼ੋਰੂ ਪਾਉਂਦੀਆਂ ਜਾਲਮ ਫ਼ੌਜਾਂ ਨਾਲ ਦੋ ਚਾਰ ਹੋਣ ਲੱਗੇ। ਜਿੰਨ੍ਹਾਂ ਨੇ ਪੰਕਜ ਮੋਹ ਨੂੰ ਗੁਰੂ ਪ੍ਰੇਮ ਵਿਚ ਬਦਲਿਆ, ਸੰਸਾਰਕ ਲੋਭ ਨੂੰ 'ਇਹ ਲਾਲਚ ਹਉ ਗੁਨ ਤਉ ਉਚਰੋਂ' ਦੇ ਆਦਰਸ਼ ਦਾ ਰੂਪ ਦੇਣ ਵਿਚ ਸਫਲਤਾ ਪ੍ਰਾਪਤ ਕੀਤੀ : ਦਾਮਨੀ ਕ੍ਰੋਧ ਨੂੰ ਪਾਵਨ ਦੈਵੀ ਰੋਹ ਦੇ ਰੰਗ ਵਿਚ ਰੰਗਿਆ : ਅਹੰਕਾਰ ਦਾ ਕੋਝਾ ਸਰੂਪ ਬਦਲ ਕੇ ਅਣਖ ਤੇ ਗੌਰਵ ਵਿਚ ਪਰਿਵਰਤਿਤ ਕੀਤਾ, ਉਨ੍ਹਾਂ ਨੇ ਹੀ ਵੈਰੀ ਨਾਲ ਲੋਹਾ ਲੈ ਕੇ ਆਲਮਗੀਰ ਅਖਵਾਉਣ ਵਾਲਿਆਂ ਦੀਆਂ ਫ਼ੌਜਾਂ ਦੇ ਦੰਦ ਖੱਟੇ ਕੀਤੇ। ਆਲਮਗੀਰੀ ਰਾਜ ਦੀਆਂ ਜੜ੍ਹਾਂ ਖੋਖਲੀਆਂ ਕਰ ਵਿਖਾਈਆਂ। ਦੁਬਲੇ ਪਤਲੇ ਸਰੀਰਾਂ ਵਾਲਿਆਂ ਨੇ ਮਸਤ ਹਾਥੀਆਂ ਨੂੰ ਪਰਾਜਿਤ ਕਰ ਵਿਖਾਇਆ " ਤਨੁ ਮਨੁ ਕਾਟਿ ਕਾਟਿ ਸਭ ਅਰਪੀ ਵਿਚ ਅਗਨੀ ਆਪ ਜਲਾਈ" ਦੇ ਗੁਰਵਾਕ ਨੂੰ ਸਚ ਕਰਕੇ ਵਿਖਾਉਣ ਵਾਲੇ ਯੋਧਿਆਂ ਦੇ ਕਾਰਨਾਮਿਆਂ ਨਾਲ ਇਤਿਹਾਸ ਭਰਿਆ ਪਿਆ ਹੈ। ਸਵਾ ਸਵਾ ਲੱਖ ਨਾਲ ਲੜਨ ਵਾਲਾ ਗੁਰੂ ਦਾ ਆਪਣਾ ਰੂਪ ਖਾਲਸਾ, ਗੁਰੂ ਦੇ ਅਸਤਿਤ੍ਰ ਦਾ ਪ੍ਰਤੱਖ ਪ੍ਰਮਾਣ ਹੈ :

ਆਤਮ ਰਸ ਜਿ ਜਾਨ ਹੀ ਸੋ ਹੈ ਖਾਲਸਾ ਦੇਵ।।
ਪ੍ਰਭ ਮਹਿ, ਸੋ ਮਹਿ, ਤਾਸ ਮਹਿ, ਰੰਚਕ ਨਾਹੀ ਭੇਵ।।
(ਸਰਬ ਲੋਹ ਗ੍ਰੰਥ)

ਆਤਮ ਰਸ ਆਤਮ ਬਲ ਦਾ ਸੂਚਕ ਹੈ। ਆਤਮ ਬਲ ਬਿਨ੍ਹਾਂ ਸਰੀਰਕ ਬਲ ਸੂਰਮੇ ਨਹੀ, ਬਘਿਆੜ ਪੈਦਾ ਕਰਦਾ ਹੈ। ਔਰੰਗ ਦੇ ਸਿਪਾਹੀ, ਜੋ ਦੁੰਬੇ ਖਾਂ ਕੇ ਬਲਵਾਨ ਬਣੇ ਸਨ, ਬਘਿਆੜ ਹੀ ਤਾਂ ਸਨ। ਬਘਿਆੜਾਂ ਹੱਥੋਂ ਦੀਨਾਂ ਦੁਖੀਆਂ ਨੂੰ ਬਚਾਉਣ ਲਈ, ਆਪਣੇ ਦੀਨੀ ਆਦਰਸ਼ਾਂ ਦਾ ਪਾਲਣ ਕਰਦਿਆਂ ਹੋਇਆਂ, ਦੀਨ ਰੱਖਿਆਂ ਲਈ ਗੁਰੂ ਦੇ ਸਿੱਖਾਂ ਨੇ ਸੀਸ ਤਲੀ ਉੱਤੇ ਰੱਖੇ, ਆਰਿਆਂ ਨਾਲ ਦੋ ਫਾੜ ਹੋਏ, ਬੰਦ ਬੰਦ ਕਟਵਾਏ, ਸੂਰਬੀਰ ਮਾਂਵਾ ਨੇ ਬਚਿਆਂ ਦੇ ਟੁਕੜੇ ਝੋਲੀਆਂ ਵਿਚ ਪੁਆ ,ਖਿੜੇ ਮੱਥੇ ਭਾਣਾ ਮੰਨਿਆ, ਰਜ਼ਾ ਵਿਚ ਸੁੱਖ ਮਨਾਇਆ। ਅਜਿਹੇ ਸੂਰਬੀਰ ਹੀ ਇਸ ਕਥਨ ਦੀ ਸਚਾਈ ਨੂੰ ਪ੍ਰਗਟ ਕਰਦੇ ਹਨ :

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ।।
ਪੁਰਜਾ ਪੁਰਜਾ ਕਟ ਮਰੈ ਕਬਹੂੰ ਨ ਛਾਡੈ ਖੇਤ।।(੧੧੦੫)


www.AKJ.Org

# ਚੋਜੀ ਪ੍ਰੀਤਮ

ਡਾ. ਕੁਲਦੀਪ ਕੌਰ

ਉਹ ਕਿਹੜੀ ਸੂਰਤ ਏ,
ਕਿਹੀ ਸੋਹਣੀ ਸੂਰਤ ਏ,
ਭਖਦੇ ਅੰਗਿਆਰਾਂ ਤੇ,
ਤੇ ਤਪਦੀਆਂ ਲੋਹਾਂ ਤੇ,
ਜਿਸ ਆਸਣ ਲਾਇਆ ਏ,
ਸੜਦੇ ਹੋਏ ਰੇਤੇ ਨੂੰ,
ਜਿਸ ਸੀਸ ਪੁਆਇਆ ਏ।
ਜਿਸ ਖੌਲਦੇ ਪਾਣੀ ਵਿਚ,
ਚਾ ਚੌਕੜਾ ਲਾਇਆ ਏ,
ਭੜਮੱਚੇ ਬਾਲਣ ਦੇ,
ਜਿਵੇਂ ਦਰਸ਼ਨ ਕਰਨ ਲਈ,
ਚੌਗਿਰਦੇ ਆ ਆ ਕੇ,
ਤੇ ਉਚੇ ਹੋ ਹੋ ਕੇ,
ਆ ਸੀਸ ਝੁਕਾਂਦੇ ਨੇ,
ਪਏ ਉਹਨੂੰ ਤਕਾਂਦੇ ਨੇ,
ਤੇ ਚਰਨੀ ਹੱਥ ਲਾਉਂਦੇ ਨੇ।
ਉਹ ਕਿਹੜਾ ਪ੍ਰੀਤਮ ਏ,
ਜੋ ਜੇਠ ਮਹੀਨੇ ਦੀ,
ਇਕ ਸਿਖ਼ਰ ਦੁਪਹਿਰਾਂ ਨੂੰ,
ਤੇ ਸੜਦੀਆਂ ਲੋਆਂ ਵਿਚ,
ਇਹ ਦੁਖ ਪਿਆ ਸਹਿਦਾ ਏ,
ਪਰ ਸੀ ਨਾ ਕਹਿੰਦਾ ਏ,
ਇਹਦੇ ਮੁੱਖ ਤੇ ਲਾਲੀ ਏ,
ਨੈਣਾਂ ਵਿਚ ਮਸਤੀ ਏ,
ਬੁਲ੍ਹਾਂ ਦੀ ਫੁਰ ਫੁਰ ਚੋਂ,
ਕਿਸੇ ਮਿੱਠੀ ਬਾਣੀ ਦੀ,
ਕਿਸੇ ਅਰਸ਼ੀ ਬਾਣੀ ਦੀ,
ਉਸ ਧੁਰ ਕੀ ਬਾਣੀ ਦੀ,
ਪਿਆ ਹੇਕ ਲਗਾਂਦਾ ਏ।

= = =

ਉਹ ਕਿਹੜਾ ਪ੍ਰੀਤਮ ਏ,
ਜਿਦ੍ਹੀ ਦੇਹੀ ਛਾਲੇ ਨੇ,
ਪਰ ਛਾਲਿਆਂ ਵਾਲੇ ਨੂੰ,
ਇਹਨਾਂ ਦੀ ਖਬਰ ਨਹੀਂ,
ਉਹਦੀ ਲਿਵ ਹੈ ਜੁੜੀ ਹੋਈ,
ਪ੍ਰੀਤਮ ਦੇ ਚਰਨਾਂ ਵਿਚ,
ਏਨੇ ਦੁਖ ਹੁੰਦਿਆਂ ਵੀ,
ਜੋ ਉਸ ਦੇ ਭਾਣੇ ਨੂੰ,
ਮਿੱਠਾ ਪਿਆ ਆਂਹਦਾ ਏ,
ਉਹ ਚੋਜੀ ਕਿਹੜਾ ਏ,
ਦੁੱਖ ਔਂਤ ਦੇ ਸਹਿ ਕੇ ਵੀ,
ਜੋ ਸੁੱਖ ਮਨਾਂਦਾ ਏ,
ਪਿਆ ਨਾਮ ਧਿਆਂਦਾ ਏ।

= = =

ਇਹ ਉਹੋ ਪ੍ਰੀਤਮ ਏ,
ਇਹ ਉਹੋ ਚੋਜੀ ਏ,
ਜਿਸ ਮਾਤਾ ਭਾਨੀ ਦੀ,
ਕੁਖ ਵਿਚੋਂ ਜਨਮ ਲਿਆ,
ਗਹੁ ਕਰ ਕੇ ਵੇਖ ਲਵੋ,
ਇਹ ਉਹੋ ਪ੍ਰੀਤਮ ਏ,
ਹਰਿਮੰਦਰ ਦੀਆਂ ਨੀਹਾਂ ਵਿੱਚ,
ਜਿਸ ਮੀਆਂ ਮੀਰ ਕੋਲੋਂ,
ਪੱਥਰ ਰਖਵਾਇਆ ਸੀ,
ਭੁੱਲੀ ਹੋਈ ਜਨਤਾ ਨੂੰ,
ਜਿਸ ਏਕਾ ਕਰਨ ਲਈ,
ਇਕ ਸਬਕ ਸਿਖਾਇਆ ਸੀ,
ਭਰਮਾਂ ਦੇ ਮਾਰੇ ਹੋਏ,
ਵਹਿਮਾਂ ਵਿੱਚ ਲਿਬੜੇ ਹੋਏ,
ਖਹਿ ਖਹਿ ਕੇ ਮਰਦੇ ਹੋਏ,
ਮੁਸਲਿਮ ਤੇ ਹਿੰਦੂ ਦਾ,
ਭਿੰਨ ਭੇਦ ਮਿਟਾਇਆ ਸੀ।

= = =

ਇਹ ਉਹੋ ਪ੍ਰੀਤਮ ਏ,
ਭਾਈ ਗੁਰਦਾਸ ਕੋਲੋਂ,
ਜਿਸ ਗ੍ਰੰਥ ਲਿਖਾਇਆ ਸੀ,
ਇਕ ਬੋਹਿਥ ਬਣਾਇਆ ਸੀ,
ਡੁਬਦੇ ਹੋਏ ਜੀਵਾਂ ਨੂੰ,
ਉਸ ਪਾਰ ਲੰਘਾਵਣ ਲਈ,
ਇਕ ਬੰਨੇ ਲਾਵਣ ਲਈ,
ਬੇੜਾ ਬਣਾਇਆ ਸੀ।
ਇਹ ਸਾਂਝਾ ਬੇੜਾ ਹੈ,
ਇਹ ਸਾਂਝਾ ਬੋਹਿਥ ਹੈ,
ਇਸ ਬੇੜੇ ਚੜ੍ਹਿਆਂ ਨੂੰ,
ਜੋ ਨਾਨਕ ਨਿਰੰਕਾਰੀ ਨੇ,
ਸੰਦੇਸ਼ ਸੁਣਾਇਆ ਏ,

ਕੋਈ ਰਾਹ ਵਿਖਾਇਆ ਸੀ,
ਤਾਂ ਅਰਜਨ ਪਿਆਰੇ ਨੇ,
ਪਿਆਰਾਂ ਦੇ ਸੋਮੇ ਨੇ,
ਸ਼ਾਂਤੀ ਦੇ ਇੱਛਕ ਨੇ,
ਉਸੇ ਹੀ ਬੇੜੇ ਦਾ,
ਕਿਸੇ ਭਗਤ ਕਬੀਰ ਤਾਈਂ,
ਦਾ ਚਪੂ ਫੜਾਇਆ ਏ,
ਕਿਸੇ ਸੂਫੀ ਫਕੀਰ ਨੂੰ ਵੀ,
ਚਾ ਨਾਲ ਬਹਾਇਆ ਸੀ,
ਇਸ ਬੋਹਿਥ ਚੜ੍ਹਿਆਂ ਨੂੰ,
ਕਈ ਰੰਗ ਵਿਖੀਂਦੇ ਨੇ,
ਕਈ ਰਾਗ ਸੁਣੀਂਦੇ ਨੇ,
ਕਿਤੇ ਧੰਨਾ ਗਾਉਂਦਾ ਏ,
ਉਹ ਪ੍ਰਭੂ ਪਿਆਰਾਂ ਦੇ,
ਪਿਆ ਬੀਜ ਉਗਾਉਂਦਾ ਏ।
ਜੁਤੀਆਂ ਨੂੰ ਸੀਣ ਵਾਲਾ,
ਰਵਿਦਾਸ ਚੁਮਾਰ ਕੋਈ,
ਕਿਸੇ ਧੁਨੀ ਅਨੋਖੀ ਵਿੱਚ,
ਪ੍ਰੀਤਮ ਦੇ ਪਿਆਰ ਵਾਲੇ,
ਪਿਆ ਗੀਤ ਸੁਣਾਂਦਾ ਏ।
ਕਿਤੇ ਛੀਂਬਾ ਆਣ ਕੋਈ,
ਪਿਆ ਮੁਖੋਂ ਅਲਾਂਦਾ ਏ,
ਕਈ ਰੰਗ ਅਨੋਖੇ ਨੇ,
ਕਈ ਰਾਗ ਅਜਾਇਬ ਨੇ,
ਵੱਖੋ ਵੱਖ ਹੁੰਦਿਆਂ ਵੀ,
ਇਹ ਇੱਕੋ ਦਿਸਦੇ ਨੇ,
ਏਸੇ ਹੀ ਪ੍ਰੀਤਮ ਨੇ,
ਵੰਨ ਵੰਨ ਦੇ ਰੰਗਾਂ ਚੋਂ,
ਇਕ ਰੰਗ ਵਿਖਾਇਆ ਏ,
ਉਸ ਅਰਸ਼ੀ ਪ੍ਰੀਤਮ ਦਾ,
ਇਕ ਰੂਪ ਵਿਖਾਇਆ ਏ।

= = =

ਇਹ ਉਹੋ ਪ੍ਰੀਤਮ ਏ,
ਜਿਸ ਧਨੀ ਗਰੀਬ ਤਾਈਂ
ਜਿਸ ਰਾਉ ਫਕੀਰ ਤਾਈਂ,
ਮਿਲ ਜੁਲ ਕੇ ਰਹਿਣੇ ਦਾ,
ਕੋਈ ਢੰਗ ਸਿਖਾਇਆ ਏ,
ਮਹਿਲਾਂ ਦੇ ਵਾਸੀ ਨੂੰ,
ਝੁਗੀਆਂ ਦੇ ਵਾਸੀ ਨੂੰ,
ਨਿਰਧਨ ਤੇ ਧਨੀਆਂ ਨੂੰ,
ਰੰਕਾਂ ਤੇ ਰਾਣਿਆਂ ਨੂੰ,
ਇਕੋ ਹੀ ਪੰਗਤ ਵਿਚ,
ਇਕੋ ਹੀ ਥਾਂ ਉੱਤੇ,
ਲੰਗਰ ਛਕਵਾਇਆ ਏ,
ਹਉਮੇ ਦੇ ਪਰਦੇ ਨੂੰ,
ਚਾ ਪਰ੍ਹੇ ਹਟਾਇਆ ਏ।

= = =

ਇਹ ਉਹੋ ਪ੍ਰੀਤਮ ਏ,
ਜਿਸ ਸੇਵਾ ਕਰਨ ਲਈ,
ਉਪਦੇਸ਼ ਸੁਣਾਇਆ ਏ,
ਜਿਸ ਤਪਸ਼ ਮਿਟਾਵਣ ਲਈ,
ਹਰ ਸਿਖ ਦੇ ਹੱਥਾਂ ਵਿਚ,
ਜਲ ਠੰਡਾ ਫੜਾਇਆ ਏ,
ਜਿਸ ਜੋੜੇ ਝਾੜਨ ਦਾ,
ਚਾ ਵੱਲ ਸਿਖਾਇਆ ਏ।
ਇਹ ਸੱਚਾ ਅਧਿਆਪਕ ਏ,
ਜਿਸ ਗਿਆਨ ਵਧਾਇਆ ਏ,
ਗੁਰੂ ਦਰਸ਼ਨ ਤਾਈਂ ਜਿਸ,
ਮਨ ਲੋਚ ਦਿਖਾਇਆ ਏ,
ਉਸ ਰੱਬ ਦੇ ਭਾਣੇ ਨੂੰ,
ਜਿਸ ਮਿੱਠਾ ਅਲਾਇਆ ਏ,
ਇਹ ਉਹੋ ਪ੍ਰੀਤਮ ਏ,
ਇਹ ਉਹੋ ਚੋਜੀ ਏ,
ਬਾਣੀ ਦੇ ਸ਼ਬਦਾ ਦੇ,
ਕੋਈ ਅਰਥ ਸਿਖਾਵਣ ਲਈ,
ਬਾਣੀ ਦੇ ਭਾਵਾ ਨੂੰ,
ਸਿੱਖ ਤਾਈਂ ਸਮਝਾਵਣ ਸੂ,
ਰੇਤਾ ਚਾ ਸੀਸ ਪੁਆਇਆ ਸੂ,
ਦੇਗਾਂ ਵਿਚ ਗੋਤੇ ਖਾਂਦਾ ਏ,
ਫਿਰ ਵੀ ਪਿਆ ਸ਼ੁਕਰ ਮਨਾਂਦਾ ਏ,
ਕਹਿ ਮਿੱਠਾ ਉਸਦੇ ਭਾਣੇ ਨੂੰ,
ਕੋਈ ਸਬਕ ਸਿਖਾਂਦਾ ਏ,
ਆ ਜਿੰਦੇ ਸੀਸ ਝੁਕਾ ਲਈਏ,
ਅਜ ਉਸਦੀ ਯਾਦ ਮਨਾ ਲਈਏ,
ਰਜ ਰਜ ਕੇ ਸੋਹਿਲੇ ਗਾ ਲਈਏ।

= = =


www.AKJ.Org

# ਤਪਤਿ ਮਾਹਿ ਠਾਢਿ ਵਰਤਾਈ

(ਵਲੋਂ-ਗਿਆਨੀ ਕੁੰਭੇਰ ਸਿੰਘ ਜੀ,)

ਤਪਤਿ ਮਾਹਿ ਠਾਢਿ ਵਰਤਾਈ।।
ਅਨਦੁ ਭਇਆ ਦੁਖ ਨਾਠੇ ਭਾਈ।। (ਪੰਨਾ ੨੮੭)
ਕਲਿ ਤਾਤੀ ਠਾਂਢਾ ਹਰਿ ਨਾਉ।।
ਸਿਮਰਿ ਸਿਮਰਿ ਸਦਾ ਸੁਖ ਪਾਉ।। (ਪੰਨਾ ੨੮੮)

ਵਿਚਾਰ ਯੋਗ ਗੱਲ ਇਹ ਹੈ ਕਿ ਉਹ ਤਪਸ਼ ਕਿਹੜੀ ਹੈ ਜਿਸ ਬਾਰੇ ਗੁਰੂ ਅਰਜਨ ਦੇਵ ਜੀ ਸੁਖਮਨੀ ਸਾਹਿਬ ਵਿਚ ਫੁਰਮਾਉਂਦੇ ਹਨ ਕਿ ਗੁਰੂ ਪਾਰਬ੍ਰਹਮ ਜੀ ਨੇ ਕਿਰਪਾ ਕਰ ਕੇ ਠੰਢ ਵਰਤਾ ਦਿਤੀ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਣੀ ਵਿਚ ਜੀਵਾਂ ਨੂੰ ਤਪਾ ਰਹੀ ਤਪਸ਼ ਦਾ ਕਈ ਥਾਈਂ ਉਲੇਖ ਕੀਤਾ ਹੈ। ਜਦੋਂ ਸਤਿਗੁਰੂ ਨਾਨਕ ਦੇਵ ਜੀ ਨੇ ਕਰਤਾਰ ਦੇ ਹੁਕਮ ਅਨਸਾਰ ਪ੍ਰਿਥਵੀ ਵਲ ਧਿਆਨ ਮਾਰਿਆ ਤਾਂ ਉਹਨਾਂ ਇਹੋ ਦੇਖਿਆ ਸੀ ਕਿ ਸਚੇ ਗੁਰੂ ਤੋਂ ਬਗ਼ੈਰ ਸੰਸਾਰੀ ਲੋਕ ਅਗਿਆਨਤਾ ਦੇ ਅੰਧਕਾਰ ਕਾਰਨ ਈਰਖਾ,ਦਵੈਤ,ਵੈਰ ਵਿਰੋਧ ਅਤੇ ਕਾਮ ਕ੍ਰੋਧ ਆਦਿਕ ਦੀ ਤਪਸ਼ ਨਾਲ ਜਲ ਬਲ ਰਹੇ ਹਨ। ਜਿਸ ਕਰਕੇ ਹਰ ਪਾਸੇ ਹਾਹਾਕਾਰ ਮਚੀ ਹੋਈ ਹੈ। ਇਸ ਬਾਰੇ ਭਾਈ ਗੁਰਦਾਸ ਜੀ ਜ਼ਿਕਰ ਕਰਦੇ ਹਨ ਕਿ- ਬਾਬਾ ਦੇਖੈ ਧਯਾਨ ਧਰ ਜਲਤੀ ਸਭ ਪ੍ਰਿਥਮੀ ਦਿਸ ਆਈ।। ਬਾਝਹੁ ਗੁਰੂ ਗੁਬਾਰ ਹੈ, ਹੈ ਹੈ ਕਰਦੀ ਸੁਣੀ ਲੁਕਾਈ।। (ਵਾਰ ੧,੨੪)

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਕਥਨ ਕੀਤਾ ਹੈ ਕਿ ਸਾਕਤ ਜੀਵ ਚਾਰ ਤਰ੍ਹਾਂ ਦੀ ਭਿਆਨਕ ਅੱਗ ਦੀਆਂ ਨਦੀਆਂ ਵਿਚ ਡੁਬ ਰਹੇ ਹਨਅਤੇ ਝੁਲਸ ਰਹੇ ਹਨ। ਕੇਵਲ ਵਿਰਲੇ ਗੁਰਮੁਖਿ ਹੀ ਇਸ ਗੱਲ ਨੂੰ ਬੁਝ ਕੇ ਗੁਰੂ-ਸ਼ਬਦ ਦੁਆਰੇ ਹਰੀ ਵਾਹਿਗੁਰੂ ਨਾਲ ਲਿਵ ਲਾ ਕੇ ਹਰਿ-ਰੰਗ ਵਿਚ ਰਤੇ ਜਾਂਦੇ ਹਨ ਇਸ ਭਿਆਨਕ ਅੱਗ ਤੋਂ ਬਚ ਜਾਂਦੇ ਹਨ। ਜਿਵੇਂ ਕਿ ਮਾਰੂ ਰਾਗ ਵਿਚ ਆਪ ਫੁਰਮਾਉਂਦੇ ਹਨ :-

ਚਾਰਿ ਨਦੀ ਅਗਨੀ ਅਸਰਾਲਾ।।
ਕੋਈ ਗੁਰਮੁਖਿ ਬੂਝੈ ਸਬਦਿ ਨਿਰਾਲਾ।।
ਸਾਕਤ ਦੁਰਮਤਿ ਡੂਬਹਿ ਦਾਝਹਿ,
ਗੁਰਿ ਰਾਖੇ ਹਰਿ ਲਿਵ ਰਾਤਾ ਹੇ।। ੫।।

(ਮਾਰੂ ਮ: ੧, ਪੰਨਾ ੧੦੩੧)

ਮਾਝ ਦੀ ਵਾਰ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਹੇਠ ਲਿਖੇ ਸਲੋਕ ਵਿਚ ਇਹਨਾਂ ਚਾਰ ਨਦੀਆਂ ਦਾ ਵਰਨਣ ਇਸ ਪਰਕਾਰ ਕਰਦੇ ਹਨ :-

ਹੰਸੁ ਹੇਤੁ ਲੋਭੁ ਕੋਪੁ ਚਾਰੇ ਨਦੀਆਂ ਅਗਿ।।
ਪਵਹਿ ਦਝਹਿ ਨਾਨਕਾ, ਤਰੀਐ ਕਰਮੀ ਲਗਿ।।

(ਮਾਝ ਕੀ ਵਾਰ, ਮ: ੧, ਪੰਨਾ ੧੪੭)

ਚਾਰ ਅੱਗ ਦੀਆਂ ਨਦੀਆਂ ਇਹ ਹਨ: (੧) ਹੰਸ- ਜੀਵਾਂ ਦੀ ਹਿੰਸਾ ਕਰਨੀ, ਜੀਵਾਂ ਦੀ ਹਤਿਆ ਕਰਨੀ, ਜੀਵਾਂ ਨੂੰ ਮਾਰਨਾ, ਸਤਾਣਾ, ਦੁਖੀ ਕਰਨਾ ਇਹ "ਹੰਸੁ" ਹੈ (ਨੋਟ:- ਹੰਸ ਪਦ ਦੇ ਹੋਰ ਵੀ ਕਈ ਅਰਥ ਹਨ)। (੨) ਹੇਤ-ਮੋਹ। (੩) ਲੋਭ -ਲਾਲਚ। (੪) ਕੋਪ-ਕ੍ਰੋਧ, ਗੁਸਾ। ਸੋ ਇਹ ਚਾਰ ਅੱਗ ਦੀਆਂ ਨਦੀਆਂ ਲਿਖੀਆਂ ਗਈਆਂ ਹਨ।

ਤ੍ਰਿਸ਼ਨਾ ਨੂੰ ਭੀ ਗੁਰਬਾਣੀ ਵਿਚ ਅੱਗ ਦੇ ਤੁਲ ਦਸਿਆ ਗਿਆ ਹੈ।

ਤ੍ਰਿਸ਼ਨਾ ਅਗਨਿ ਜਲੈ ਸੰਸਾਰਾ।।
ਜਲਿ ਜਲਿ ਖਪੈ ਬਹੁਤੁ ਵਿਕਾਰਾ।।
ਮਨਮੁਖੁ ਠਉਰ ਨ ਪਾਏ ਕਬਹੂ,
ਸਤਿਗੁਰ ਬੂਝ ਬੁਝਾਈ ਹੇ।।੯।।
ਸਤਿਗੁਰੁ ਸੇਵਨਿ ਸੇ ਵਡਭਾਗੀ।।
ਸਾਚੈ ਨਾਮਿ ਸਦਾ ਲਿਵ ਲਾਗੀ।।
ਅੰਤਰਿ ਨਾਮੁ ਰਵਿਆ ਨਿਹਕੇਵਲੁ
ਤ੍ਰਿਸ਼ਨਾ ਸਬਦਿ ਬੁਝਾਈ ਹੇ।।੧੦।।

(ਮਾਰੂ ਸੋਹਲੇ ਮ: ੧,ਪੰਨਾ ੧੦੪੪)

ਵਡੇ ਭਾਗਾਂ ਕਰਕੇ ਸਤਿਗੁਰੂ ਦੀ ਸੇਵਾ ਕੀਤੀ ਜਾਵੇ। ਸਤਿਗੁਰੂ ਤੋਂ ਨਾਮ ਦੀ ਦਾਤ ਪ੍ਰਾਪਤ ਕਰਕੇ ਸਦਾ ਲਿਵ ਲਗੀ ਰਹੇ ਤਾਂ ਜਾ ਕੇ ਇਹ ਤ੍ਰਿਸ਼ਨਾ ਬੁਝਦੀ ਹੈ।

ਗੁਰੂ ਨਾਨਕ ਦੇਵ ਜੀ ਇਹ ਵੀ ਦਸਦੇ ਹਨ ਕਿ ਹਉਮੈ ਵੀ ਅੱਗ ਦੀ ਤਰ੍ਹਾਂ ਜੀਵਾਂ ਨੂੰ ਦੁਖੀ ਕਰਦੀ ਹੈ।

ਹਉਮੈ ਜਲਿਆ ਮਨਹੁ ਵਿਸਾਰੈ
ਜਮਪੁਰਿ ਵਜਹਿ ਖੜਗ ਕਰਾਰੇ।।
ਅਬ ਕੈ ਕਹਿਐ ਨਾਮੁ ਨ ਮਿਲਈ
ਤੂ ਸਹੁ ਜੀਅੜੇ ਭਾਰੀ ਜੀਉ।।੪।।

(ਮਾਰੂ ਮਹਲਾ ੧,ਪੰਨਾ ੯੯੩)

ਅਰਥਾਤ ਜੀਵ ਹਉਮੈ ਦਾ ਜਲਿਆ ਹੋਇਆ ਵਾਹਿਗੁਰੂ ਨਾਮ ਨੂੰ ਮਨੋਂ ਵਿਸਾਰ ਦੇਂਦਾ ਹੈ, ਜਿਸ ਦਾ ਸਿੱਟਾ ਇਹ ਨਿਕਲਦਾ ਹੈ ਕਿ ਮਰਨ ਤੋਂ ਪਿਛੋਂ ਜਮਪੁਰੀ ਵਿਚ ਜਮਾਂ ਦੀਆਂ ਤਲਵਾਰਾਂ ਦੀਆਂ ਕਰਾਰੀਆਂ ਸੱਟਾਂ ਇਸ ਨੂੰ ਵਜਦੀਆਂ ਹਨ। ਸ੍ਰੀ ਗੁਰੂ ਜੀ ਫੁਰਮਾਉਂਦੇ ਹਨ ਕਿ ਅਜਿਹੀ ਮਾਰ ਤੋਂ ਬਚਣ ਵਾਸਤੇ ਤਾਂ ਨਾਮ ਦੀ ਲੋੜ ਸੀ। ਉਸ ਸਮੇ ਭਾਵੇਂ ਇਹ ਨਾਮ ਮੰਗੇ, ਪਰ ਨਾਮ ਨਹੀਂ ਮਿਲ ਸਕਦਾ।



www.AKJ.Org

ਇਸ ਲਈ ਹੁਣ ਤੂੰ ਆਪਣੀ ਕੀਤੀ ਭੁਗਤ ਤੇ ਪਈ ਬਿਪਤਾ ਨੂੰ ਸਹਾਰ। ਇਹ ਜੀਵ ਜਮਾਂ ਅਗੇ ਭੀ ਭਾਵੇ ਇਹੋ ਪੁਕਾਰ ਕਰੇ ਪਰ ਜਮ ਵੀ ਇਹੋ ਜੁਆਬ ਦੇਂਦੇ ਹਨ ਕਿ ਜਦੋਂ ਨਾਮ ਜਪਣ ਦਾ ਵੇਲਾ ਸੀ, ਤੂੰ ਗਵਾ ਦਿਤਾ, ਤੇ ਹੁਣ ਤੈਨੂੰ ਨਾਮ ਦੀ ਦਾਤ ਕਿਥੋਂ ਮਿਲਣੀ ਹੈ। ਇਸ ਲਈ ਹੁਣ ਆਪਣੀ ਕੀਤੇ ਦੀ ਸਜ਼ਾ ਭੁਗਤ।

ਜਿਥੇ ਕਿ ਅੰਦਰੂਨੀ ਵਿਕਾਰਾਂ ਦੀ ਤਪਸ਼ ਤੋਂ ਬਚਣ ਲਈ ਇਸ ਨੂੰ ਨਾਮ ਸਹਾਈ ਹੁੰਦਾ ਹੈ ਉਥੇ ਬਾਹਰ ਦੀ ਤਪਸ਼ ਤੋਂ ਬਚਣ ਲਈ ਵੀ ਨਾਮ ਸਹਾਈ ਹੁੰਦਾ ਹੈ। ਮਾਤਾ ਦੀ ਗਰਭ-ਅਗਨੀ ਦਾ ਭੀ ਗੁਰਬਾਣੀ ਵਿਚ ਕਈ ਥਾਂਈ ਜ਼ਿਕਰ ਆਉਂਦਾ ਹੈ। ਉਥੇ ਵੀ ਜੀਵ ਸਿਮਰਨ ਦੇ ਪਰਤਾਪ ਨਾਲ ਬਚਿਆ ਰਹਿੰਦਾ ਹੈ। ਦੇਖੋ ਗੁਰ ਪੰਚਮ ਪਾਤਸ਼ਾਹ ਜੀ ਫ਼ੁਰਮਾਂਦੇ ਹਨ:-

**ਉਰਧ ਮੁਖੁ ਕੁਚੀਲ ਬਿਕਲੁ ਨਰਕਿ ਘੋਰਿ ਗੁਬਾਰਿ।।**
**ਹਰਿ ਸਿਮਰਤ ਤੂੰ ਨਾ ਜਲਹਿ, ਮਨਿ ਤਨਿ ਉਰਧਾਰਿ। ।**

(ਜੈਤਸਰੀ ਕੀ ਵਾਰ, ਪੰਨਾ ੭੦੬)

ਸਮਝਾਂਦੇ ਹਨ ਕਿ ਐ ਜੀਵ ! ਮਾਤਾ ਦੇ ਗਰਭ ਵਿਚ ਉਲਟਾ ਮੂੰਹ ਭਾਰ, ਅਪਵਿਤਰ ਸਥਾਨ ਘੋਰ ਨਰਕ ਦੇ ਹਨੇਰੇ ਵਿਚ ਵਿਆਕੁਲ ਹੋ ਕੇ ਜਦੋਂ ਤੂੰ ਪਿਆ ਸੀ ਉਥੇ ਤੂੰ ਵਾਹਿਗੁਰੂ ਦੇ ਸਿਮਰਨ ਦੁਆਰਾ ਨਹੀਂ ਜਲਿਆ ਸੀ, ਇਸ ਲਈ ਹੁਣ ਵੀ ਤੂੰ ਮਨ ਤਨ ਤੇ ਰਿਦੇ ਵਿਚ ਉਸ ਵਾਹਿਗੁਰੂ ਦੇ ਸਿਮਰਨ ਨੂੰ ਧਾਰਨ ਕਰ।

ਇਸ ਦਸ਼ਾ ਨੂੰ ਇਸ ਤਰ੍ਹਾਂ ਵੀ ਬਿਆਨ ਕੀਤਾ ਹੈ :-

**ਸੰਜੋਗੁ ਵਿਜੋਗੁ ਧੁਰਹੁ ਹੀ ਹੂਆ।।**
**ਪੰਚ ਧਾਤੁ ਕਰਿ ਪੁਤਲਾ ਕੀਆ।।**
**ਸਾਹੇ ਕੈ ਫੁਰਮਾਇਅੜੇ ਜੀ**
**ਦੇਹੀ ਵਿਚਿ ਜੀਉ ਆਇ ਪਇਆ।।੧।।**
**ਜਿਥੈ ਅਗਨਿ ਭਖੈ ਭੜਹਾਰੇ।।**
**ਊਰਧ ਮੁਖ ਮਹਾ ਗੁਬਾਰੇ।।**
**ਸਾਸਿ ਸਾਸਿ ਸਮਾਲੇ ਸੋਈ**
**ਓਥੈ ਖਸਮਿ ਛਡਾਇ ਲਇਆ।।੨।।**
**ਵਿਚਹੁ ਗਰਭੈ ਨਿਕਲਿ ਆਇਆ।।**
**ਖਸਮੁ ਵਿਸਾਰਿ ਦੁਨੀ ਚਿਤੁ ਲਾਇਆ।।**
**ਆਵੈ ਜਾਇ ਭਵਾਈਐ ਜੋਨੀ,**
**ਰਹਣੁ ਨ ਕਿਤਹੀ ਥਾਇ ਭਇਆ ।।੩।।**

**(ਮਾਰੂ ਅੰਜੁਲੀ** ਮ: ੫,ਪੰਨਾ ੧੦੦੭)

**ਸੋ ਇਹ ਤੇ ਦਸਿਆ ਹੈ ਮਾਤਾ ਦੇ ਗਰਭ ਵਿਚ ਜੀਵ ਦਾ ਹਾਲ। ਹੁਣ ਦੇਖੋਂ ਮੰਦੇ ਕਰਮਾਂ ਅਤੇ ਪਾਪਾਂ ਕਰਕੇ ਜੀਵ ਨੂੰ** ਅਗੇ ਜਾ ਕੇ ਕਿਸ ਕਿਸ ਕਿਸਮ ਦੀ ਤਪਸ਼ ਤੇ ਤਾਓ ਸਹਿਣੇ ਪੈਂਦੇ ਹਨ।

**ਆਗੈ ਬਿਮਲ ਨਦੀ ਅਗਨਿ ਬਿਖੁ ਝੇਲਾ।।**
**ਤਿਥੈ ਅਵਰੁ ਨ ਕੋਈ ਜੀਉ ਇਕੇਲਾ।।**
**ਭੜ ਭੜ ਅਗਨਿ ਸਾਗਰੁ ਦੇ ਲਹਰੀ,**
**ਪੜਿ ਦਝਹਿ ਮਨਮੁਖਤਾਈ ਹੇ।।**

(ਮਾਰੂ ਮ: ੧, ਪੰਨਾ ੧੦੨੬)

ਦਸਦੇ ਹਨ ਕਿ ਅੱਗੇ ਇੱਕ ਮਲ ਭਰੀ ਵੈਤਰਨੀ ਨਦੀ ਹੈ ਅਤੇ ਅੱਗ ਦਾ ਕੁੰਡ ਹੈ। ਇਹ ਕੁੰਡ ਵੀ ਦਸ ਹਜ਼ਾਰ ਜੋਜਨ ਦਾ ਦਸੀਂਦਾ ਹੈ। ਫਿਰ ਵਿਹੁ (ਬਿਖੁ) ਦੇ ਪੱਤਿਆਂ ਵਾਲਾ ਇੱਕ ਬਣ (ਝੇਲਾ) ਵੀ ਉਥੇ ਦਸੀਂਦਾ ਹੈ। ਇੱਥੋਂ ਮਨਮੁਖਾਂ ਪਾਪੀਆਂ ਦਾ ਜੀਉ ਇਸ ਲੋਕ ਤੋਂ ਪਿਆਨਾ ਕਰਕੇ ਉਥੋਂ ਦੇ ਅਸਹਿ ਦੁੱਖ ਭੋਗਦਾ ਹੈ। ਗੁਰੂ ਜੀ ਦੱਸਦੇ ਹਨ ਕਿ ਉੱਥੇ ਭੱਠ ਦੀ ਤਰ੍ਹਾਂ ਅੱਗ ਬਲਦੀ ਤੇ ਭੜਕਦੀ ਹੈ , ਜਿਸ ਵਿਚ ਮਨਮੁਖਾਂ ਦਾ ਜੀਉ ਸੜਦਾ ਤੇ ਤਪਦਾ ਹੈ। ਗੁਰੂ ਨਾਨਕ ਦੇਵ ਜੀ ਇੱਕ ਹੋਰ ਥਾਂ ਇਸ ਭਿਆਨਕ ਦ੍ਰਿਸ਼ ਨੂੰ ਨਿਰੂਪਨ ਕਰਦੇ ਹਨ :-

ਜਿਥੈ ਸਾਇਰੁ ਲੰਘਣਾ ਅਗਨਿ ਪਾਣੀ ਅਸਗਾਹ।।
ਕੰਧੀ ਦਿਸਿ ਨ ਆਵਈ ਧਾਹੀ ਪਵੈ ਕਹਾਹ।।
ਨਾਨਕ ਓਥੈ ਜਾਣੀਅਹਿ ਸਾਹ ਕੇਈ ਪਾਤਿਸਾਹ।।

(ਮਲਾਰ ਕੀ ਵਾਰ, ਮ:੧, ਪੰਨਾ ੧੨੮੭)

ਗੁਰੂ ਜੀ ਫ਼ੁਰਮਾਉਂਦੇ ਹਨ ਕਿ ਜਿਥੇ ਅੱਗ ਤੇ ਪਾਣੀ ਇੰਨਾ ਹੈ ਕਿ ਜਿਸ ਦਾ ਹੱਦ ਬੰਨਾ ਕੋਈ ਨਹੀਂ, ਉਸ ਦੀ ਥਾਹ ਕੋਈ ਨਹੀਂ, ਉਥੇ ਧਾਹਾਂ ਪੈਂਦੀਆਂ ਤੇ ਰੋਣ ਦੀ ਕੁਰਲਾਹਟ ਮੱਚੀ ਹੁੰਦੀ ਹੈ। ਤੇ ਉੱਥੇ ਜਾਣਿਆ ਜਾਂਦਾ ਹੈ ਕਿ ਸ਼ਾਹ ਕਿਹੜਾ ਹੈ ਤੇ ਪਾਤਸ਼ਾਹ ਕਿਹੜਾ ਹੈ। ਭਾਵ ਇਹ ਹੈ ਕਿ ਜੋ ਇੱਥੇ ਸ਼ਾਹ ਪਾਤਸ਼ਾਹ ਪਾਪ ਕਰਮ ਕਰਦੇ ਹਨ , ਉਥੇ ਉਹਨਾਂ ਨੂੰ ਇਹੋ ਜਿਹੇ ਥਾਂ ਕੌਣ ਪਾਤਸ਼ਾਹ ਜਾਂ ਸ਼ਾਹ ਮੰਨਦਾ ਹੈ।

ਇਹ ਕੁਝ ਲਿਖਣ ਦਾ ਮਨੋਰਥ ਕੇਵਲ ਇਹੋ ਦੱਸਣਾ ਹੈ ਕਿ ਨਾਮ ਵਿਹੂਣੇ ਜੀਵ ਇਥੋਂ ਵੀ ਤੇ ਪਰਲੋਕ ਵਿਚ ਵੀ ਅਨਿਕ ਪ੍ਰਕਾਰ ਦੀ ਤਪਸ਼ ਨਾਲ ਦੁਖੀ ਹੁੰਦੇ ਹਨ। ਇਹੋ ਜਿਹੀ ਅਨਿਕ ਪ੍ਰਕਾਰੀ ਤਪਸ਼ ਤੋਂ ਬਚਣ ਦਾ ਇੱਕੋ ਇੱਕ ਉਪਾਅ ਹੈ ਕਿ ਗੁਰੂ ਵਾਲੇ ਬਣ ਕੇ ਵਾਹਿਗੁਰੂ-ਨਾਮ ਦਾ ਸਿਮਰਨ ਕੀਤਾ ਜਾਇ। ਜਿਵੇਂ ਕਿ ਗੁਰੂ ਜੀ ਫ਼ੁਰਮਾਉਂਦੇ ਹਨ :-

ਜਹ ਮਹਾ ਭਇਆਨ ਤਪਤਿ ਬਹੁ ਘਾਮ ।।
ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ। ।

(ਸੁਖਮਨੀ ਸਾਹਿਬ, ਪੰਨਾ ੨੬੪)

ਅਤੇ ਅੰਦਰ ਦੀ ਤਪਸ਼ ਵੀ ਹਰਿ ਨਾਮ ਨਾਲ ਦੂਰ ਹੁੰਦੀ ਹੈ :-

**ਚੰਦਨੁ ਚੰਦੁ ਨ ਸਰਦ ਰੁਤਿ ਮੂਲਿ ਨ ਮਿਟਈ ਘਾਮ।।**



www.AKJ.Org

ਸੀਤਲੁ ਥੀਵੈ ਨਾਨਕਾ ਜਪੰਦੜੋ ਹਰਿ ਨਾਮ॥

(ਜੈਤਸਰੀ ਕੀ ਵਾਰ ,ਪੰਨ ੭੦੯)

ਅਰਥਾਤ ਚੰਦਰਮਾ ਦੀ ਠੰਡੀ ਚਾਨਣੀ , ਚੰਦਨ ਦੀ ਠੰਡੀ ਸੁਗੰਧੀ ਤੇ ਸਿਆਲ ਦੀ ਠੰਡੀ ਰੁਤ ਵੀ ਅੰਦਰ ਦੀ ਜਲਨ ਦੂਰ ਕਰਨ ਲਈ ਸਹਾਈ ਨਹੀਂ , ਇਹ ਤਾਂ ਕੇਵਲ ਹਰੀ ਨਾਮ ਦੇ ਜਾਪ ਨਾਲ ਹੀ ਦੂਰ ਹੋ ਸਕਦੀ ਹੈ ਅਤੇ ਅੰਦਰ ਠੰਡ ਵਰਤ ਸਕਦੀ ਹੈ । ਏਸੇ ਵਾਸਤੇ ਲਿਖਿਆ ਹੈ ਕਿ ਜੋ ਨਾਮ ਸਿਮਰਨ ਕਰਨ ਵਾਲੇ ਹਨ ਉਹੀ ਅਸਲੀ ਅਰਥਾਂ ਵਿਚ ਸੀਤਲ ਹਨ :-

ਨਹ ਸੀਤਲੰ ਚੰਦ੍ਰ ਦੇਵਹ,
ਨਹ ਸੀਤਲੰ ਬਾਵਨ ਚੰਦਨਹ ॥
ਨਹ ਸੀਤਲੰ ਸੀਤ ਰੁਤੇਣ ,
ਨਾਨਕ ਸੀਤਲੰ ਸਾਧ ਸ੍ਵਜਨਹ ॥੩੯॥

(ਸਲੋਕ ਸਹਸਕ੍ਰਿਤੀ ਮ:੫,੧੩੫੭)

ਇਸ ਲਈ ਸਤਿਗੁਰੂ ਸਚੇ ਪਾਤਸ਼ਾਹ ਸਚੜੇ ਸਾਧ ਆਪ ਅਜਿਹੇ ਸੀਤਲ ਹਨ ਕਿ ਉਹਨਾਂ ਨਾਲ ਸਪਰਸ਼ ਕਰ ਕੇ ਬਾਕੀ ਲੋਕਾਈ ਵੀ ਤਿਸ਼ਨਾ ਦੀ ਦਾਧੀ ( ਸੜੀ ਹੋਈ) ਅਜਿਹੀ ਸੀਤਲ ਹੋ ਜਾਂਦੀ ਹੈ ਕਿ ਮੁੜ ਫਿਰ ਅਜਿਹੀ ਜਲਨ ਤੋਂ ਬਚੀ ਰਹਿੰਦੀ ਹੈ ।

(2)

'ਕੱਲ' ਭੱਟ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਗੁਣ ਗਾਉਂਦਾ ਹੋਇਆ ਕਹਿੰਦਾ ਹੈ -

ਸਦ ਜੀਵਣੁ ਅਰਜੁਨੁ ਅਮੋਲੁ ਆਜੋਨੀ ਸੰਭਉ ॥
ਭਯ -ਭੰਜਨੁ ਪਰਦੁਖ ਨਿਵਾਰੁ ,ਅਪਾਰੁ ਅਨੰਭਉ॥
ਅਗਹ ਗਹਣੁ ਭ੍ਰਮੁ ਭ੍ਰਾਂਤਿ ਦਹਣੁ, ਸੀਤਲੁ ਸੁਖ ਦਾਤਉ॥
ਆਸੰਭਉ ਉਦਵਿਉ ਪੁਰਖੁ ਪੂਰਨ ਬਿਧਾਤਉ॥

(ਭੱਟਾਂ ਦੇ ਸਵੱਈਏ ੫, ਪੰਨਾ ੧੪੦੭)

ਵਾਹ! ਵਾਹ!! ਆਪ ਸ੍ਰੀ ਗੁਰੂ ਅਰਜਨ ਦੇਵ ਜੀ ਸੀਤਲ ਹਨ , ਸੁਖਾਂ ਦੇ ਦੇਣ ਵਾਲੇ ਹਨ, ਅਤੇ ਹੋਰ ਉਪਰੋਕਤ ਗੁਣਾਂ ਦੇ ਮਾਲਕ ਹਨ। ਸੋ ਉਪ੍ਰੋਕਤ ਗੁਰ ਪ੍ਰਮਾਣਾਂ ਨੂੰ ਦੁਨੀਆ ਦੇ ਸਾਹਮਣੇ ਅਮਲੀ ਰੂਪ ਵਿਚ ਪਰਗਟ ਕਰਨ ਦਾ ਮੌਕਾ ਗੁਰੂ ਨਾਨਕ ਦੇਵ ਜੀ ਦੇ ਪੰਜਵੇ ਸਰੂਪ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਮਿਲਿਆ, ਅਤੇ ਆਪ ਨੇ ਚਟਾਨ ਦੀ ਤਰ੍ਹਾਂ ਦ੍ਰਿੜ ਰਹਿ ਕੇ ਦੁਨੀਆ ਨੂੰ ਦਸ ਦਿਤਾ ਕਿ ਜੋ ਕੁਝ ਗੁਰਬਾਣੀ ਵਿਚ ਲਿਖਿਆ ਹੈ ਉਹ ਅਟੱਲ ਸਚਾਈ ਹੈ। ਵਾਹਿਗੁਰੂ ਅਕਾਲ ਪੁਰਖ ਦੀ ਰਜ਼ਾ ਅੰਦਰ ਹੀ ਇਹ ਮੌਕਾ ਬਣਿਆ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਵੀ ਵਾਹਿਗੁਰੂ ਜੀ ਦੀ ਰਜ਼ਾ ਵਿਚ ਹੀ ਰਾਜ਼ੀ ਸਨ। ਜੋ ਸ੍ਰੀ ਗੁਰੂ ਅਰਜਨ ਦੇਵ ਜੀ ਮੰਡੀ ਦੇ ਰਾਜੇ ਦਾ ਚੰਡਾਲ ਦੇ ਘਰ ਵਿਚ ਜਨਮ ਲੈਣ ਦਾ ਸਮਾ ਸੁਪਨੇ ਵਿਚ ਹੀ ਭੁਗਤਾ ਸਕਦੇ ਸਨ ਤਾਂ ਕੀ, ਉਹ ਚਾਹੁੰਦੇ ਤਾਂ ਆਪਣੇ ਉਪਰ ਆਏ ਕਸ਼ਟਾਂ ਨੂੰ ਉਹ ਟਾਲ ਨਹੀਂ ਸਨ ਸਕਦੇ ? ਨਿਰਸੰਦੇਹ ਉਹ ਅਜਿਹਾ ਕਰ ਸਕਣ ਦੀ ਸਮਰੱਥਾ ਰਖਦੇ ਸਨ। ਪਰ ਉਹਨਾਂ ਅਜਿਹਾ ਕੀਤਾ ਨਹੀਂ ਅਤੇ ਪ੍ਰਭੂ ਦੇ ਵਰਤਾਏ 'ਭਾਣੇ' ਨੂੰ ਮਿਠਾ ਕਰ ਕੇ ਮੰਨਿਆ। ਉਹਨਾਂ ਅਕਾਲ ਪੁਰਖ ਅਗੇ ਅਜਿਹਾ ਦੁਖਦਾਈ ਸਮਾਂ ਟਾਲਣ ਲਈ ਮੰਗ ਨਹੀਂ ਮੰਗੀ। ਮੰਗ ਮੰਗੀ ਤਾਂ ਕੇਵਲ ਇਹੋ ਮੰਗੀ ਕਿ :-

ਤੇਰਾ ਕੀਆ ਮੀਠਾ ਲਾਗੈ॥
ਹਰਿ ਨਾਮੁ ਪਦਾਰਥੁ ਨਾਨਕੁ ਮਾਗੈ॥

(ਆਸਾ ਮ: ੫,ਪੰਨਾ ੩੯੪)

ਅਜਿਹਾ ਭਾਣਾ ਵਰਤਣ ਲਈ ਜੋ ਕਾਰਨ ਬਣੇ ਉਹ ਇਉਂ ਹਨ-

ਜਹਾਂਗੀਰ- ਜਹਾਂਗੀਰ ਕੱਟੜ ਅਤੇ ਮੁਤਅੱਸਬ ਮੁਸਲਮਾਨ ਬਾਦਸ਼ਾਹ ਸੀ। ਉਹ ਚਾਹੁੰਦਾ ਸੀ ਕਿ ਸਿੱਖ ਧਰਮ ਦੇ ਵਧ ਰਹੇ ਪ੍ਰਚਾਰ ਨੂੰ ਕਿਸੇ ਨ ਕਿਸੇ ਤਰ੍ਹਾਂ ਬੰਦ ਕੀਤਾ ਜਾਵੇ। ਉਸ ਨੇ ਕੋਸ਼ਿਸ਼ ਕੀਤੀ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਰਚਿਤ ਗ੍ਰੰਥ, (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ਵਿਚ ਹਜ਼ਰਤ ਮੁਹੰਮਦ ਸਾਹਿਬ ਦੀ ਉਸਤਤੀ ਦੇ ਕੁਝ ਸ਼ਬਦ ਦਰਜ ਕਰਵਾਏ ਜਾਣ। ਪਰ ਉਹ ਸਫਲ ਨਾ ਹੋ ਸਕਿਆ। ਗੁਰੂ ਜੀ ਨੇ ਅਜਿਹਾ ਕਰਨ ਤੋਂ ਸਾਫ ਇਨਕਾਰ ਕਰ ਦਿਤਾ। ਉਹ ਇਹ ਵੀ ਦੇਖ ਰਿਹਾ ਸੀ ਕਿ ਜਿਥੇ ਭਾਰੀ ਗਿਣਤੀ ਵਿਚ ਹਿੰਦੂ ਸਿੱਖ ਧਰਮ ਦੇ ਅਨੁਯਾਈ ਹੁੰਦੇ ਜਾ ਰਹੇ ਹਨ ਉਥੇ ਮੁਸਲਮਾਨ ਵੀ ਗੁਰੂ ਘਰ ਦੇ ਸ਼ਰਧਾਲੂ ਬਣਦੇ ਜਾ ਰਹੇ ਹਨ। ਉਹ ਇਹ ਵੀ ਦੇਖ ਰਿਹਾ ਸੀ ਕਿ ਗੁਰੂ ਅਰਜਨ ਦੇਵ ਜੀ ਸਿੱਖ ਧਰਮ ਦੇ ਪ੍ਰਚਾਰ ਦੇ ਕਈ ਕੇਂਦਰ ਤੀਰਥਾਂ ਅਤੇ ਗੁਰ ਧਾਮਾਂ ਦੇ ਰੂਪ ਵਿਚ ਬਣਾਈ ਜਾ ਰਹੇ ਹਨ। ਇਸ ਲਈ ਉਹ ਸਿਖ ਧਰਮ ਦੀ ਉੱਨਤੀ ਵਿਚ ਦਿਨ-ਬਦਿਨ ਵ੍ਰਿਧੀ ਹੁੰਦੀ ਜਾ ਰਹੀ ਦੇਖ ਕੇ ਬੌਖਲਾ ਉਠਿਆ ਸੀ। ਉਹ ਸਮਝ ਚੁਕਿਆ ਸੀ ਕਿ ਸਿੱਖ ਧਰਮ ਦੀ ਲਹਿਰ ਇਸਲਾਮ ਦੇ ਪ੍ਰਚਾਰ ਅਤੇ ਪਾਸਾਰ ਲਈ ਭਾਰੀ ਰੁਕਾਵਟ ਦਾ ਕਾਰਨ ਹੈ। ਉਸ ਦਾ ਯਕੀਨ ਪੱਕਾ ਹੋ ਚੁਕਾ ਸੀ ਕਿ ਲੱਖਾਂ ਦੀ ਗਿਣਤੀ ਵਿਚ ਜੋ ਸ਼ਰਧਾਲੂ ਗੁਰੂ ਅਰਜਨ ਦੇਵ ਜੀ ਦੀ ਅਗਵਾਈ ਵਿਚ ਸਿਖ ਧਰਮ ਦੀ ਲੜੀ ਵਿਚ ਪਰੋਏ ਜਾ ਰਹੇ ਹਨ, ਇਹ ਕਿਸੇ ਵਕਤ ਜਥੇਬੰਦ ਹੋ ਕੇ ਹਕੂਮਤ ਲਈ ਖ਼ਤਰੇ ਦਾ ਕਾਰਨ ਬਣ ਸਕਦੇ ਹਨ। ਜਹਾਂਗੀਰ ਨੇ ਇਸ ਲਈ ਇਹ ਇਰਾਦਾ ਬਣਾ ਲਿਆ ਕਿ ਇਸ ਸਿਖ ਲਹਿਰ ਨੂੰ ਖ਼ਤਮ ਕੀਤਾ ਜਾਏ ਜਾਂ ਗੁਰੂ ਜੀ ਨੂੰ ਮੁਸਲਮਾਨ ਬਣਾ ਲਿਆ ਜਾਵੇ। ਉਹ ਆਪਣੀ ਲਿਖਤ 'ਤੁਜ਼ਕਿ ਜਹਾਂਗੀਰੀ'



www.AKJ.Org

ਵਿਚ ਸਿਖੀ ਲਹਿਰ ਨੂੰ "ਝੂਠ ਦੀ ਦੁਕਾਨ" ਕਹਿ ਕੇ ਉਪ੍ਰੋਕਤ ਇਰਾਦੇ ਦਾ ਆਪ ਹੀ ਪਰਗਟਾ ਕਰਦਾ ਹੈ। ਉਸ ਦਾ ਪੰਜਾਬੀ ਉਲਥਾ ਇਉਂ ਹਨ:-

ਕਿਤਨੇ ਚਿਰ ਤੋਂ ਮੇਰੇ ਦਿਲ ਵਿਚ ਇਹ ਖ਼ਿਆਲ ਚਲਿਆ ਆਉਂਦਾ ਸੀ ਕਿ ਇਸ ਝੂਠ ਦੀ ਦੁਕਾਨ ਨੂੰ ਬੰਦ ਕਰਾਂ ਜਾਂ ਉਸ ਨੂੰ ਇਸਲਾਮੀ ਮਤ ਵਿਚ ਲੈ ਆਵਾਂ।

ਅਗੇ ਜਾ ਕੇ ਉਹ ਗੁਰੂ ਅਰਜਨ ਦੇਵ ਜੀ ਵਲੋਂ ਆਪਣੇ ਬਾਗ਼ੀ ਪੁਤਰ ਖ਼ੁਸਰੋ ਦੀ ਕੀਤੀ ਮਦਦ ਦਾ ਝੂਠਾ ਬਹਾਨਾ ਬਣਾ ਕੇ, ਇਸ ਬਾਰੇ ਜ਼ਿਕਰ ਕਰਦਾ ਹੋਇਆ ਆਪਣਾ ਫੈਸਲਾ ਲਿਖ ਦਿੰਦਾ ਹੈ ਕਿ:-

ਮੈਂ ਹੁਕਮ ਦਿਤਾ ਕਿ ਉਸ (ਗੁਰੂ ਅਰਜਨ ਦੇਵ ਜੀ) ਨੂੰ ਹਾਜ਼ਰ ਕੀਤਾ ਜਾਵੇ। ਉਸ ਦੇ ਘਰ ਬਾਰ ਤੇ ਬੱਚਿਆਂ ਨੂੰ ਮੁਰਤਜ਼ਾ ਖ਼ਾਂ ਦੇ ਹਵਾਲੇ ਕੀਤਾ ਜਾਵੇ। ਉਸ ਦਾ ਮਾਲ ਅਸਬਾਬ ਜ਼ਬਤ ਕਰਕੇ, ਹੁਕਮ ਦਿਤਾ ਕਿ ਉਸ ਨੂੰ ਡਰਾਇਆ ਜਾਏ ਤੇ ਯਾਸਾ ਦੇ ਕਾਨੂੰਨ ਅਨੁਸਾਰ ਉਸ ਨੂੰ ਮਾਰਿਆ ਜਾਵੇ।" (ਤੁਜ਼ਕਿ ਜਹਾਂਗੀਰੀ)

ਇਸ ਕਥਨ ਅਨੁਸਾਰ ਗੁਰੂ ਜੀ ਦੀ ਸ਼ਹੀਦੀ ਦੀ ਜ਼ਿਮੇਵਾਰੀ ਜਹਾਂਗੀਰ ਤੇ ਆਉਂਦੀ ਹੈ। ਜਹਾਂਗੀਰ ਮੁਰਤਜ਼ਾ ਖ਼ਾਂ ਨੂੰ ਹੁਕਮ ਦੇ ਕੇ ਆਪ ਕਸ਼ਮੀਰ ਚਲਾ ਗਿਆ। ਗੁਰੂ ਸਾਹਿਬ ਦੇ ਲਾਹੌਰ ਪੁਜਣ ਤੇ ਮੁਰਤਜ਼ਾ ਖ਼ਾਂ ਨੇ ਗੁਰੂ ਸਾਹਿਬ ਨੂੰ ਚੰਦੂ ਦੀ ਮੰਗ ਕਰਨ ਤੇ ਉਸ ਦੇ ਹਵਾਲੇ ਕਰ ਦਿਤਾ। ਚੰਦੂ ਗੁਰੂ ਜੀ ਨੂੰ ਆਪਣੇ ਘਰ ਲੈ ਗਿਆ ਅਤੇ ਬਾਦਸ਼ਾਹ ਦੇ ਕੀਤੇ ਹੁਕਮ ਅਨੁਸਾਰ, ਯਾਸਾ ਕਾਨੂੰਨ ਦੀ ਵਿਧੀ ਦੇ ਅਧੀਨ ਆਪਣੀ ਰੜਕ ਕਢਣ ਲਈ ਉਸ ਨੇ ਗੁਰੂ ਸਾਹਿਬ ਨੂੰ ਰਜ ਰਜ ਕੇ ਦੁਖ-ਤਸੀਹੇ ਦਿਤੇ। ਪਹਿਲਾਂ ਉਬਲਦੀ ਦੇਗ਼ ਵਿਚ ਬਿਠਾਇਆ ਗਿਆ, ਫਿਰ ਤਤੀ ਤਵੀ ਤੇ ਬਿਠਾ ਕੇ ਸੜਦੀ ਰੇਤ ਦੇ ਕੜਛੇ ਭਰ ਭਰ ਕੇ ਸੀਸ ਤੇ ਸਰੀਰ ਤੇ ਪਾਏ ਗਏ। ਇਸ ਨਾਲ ਸਾਰਾ ਸਰੀਰ ਝੁਲਸ ਗਿਆ ਤੇ ਛਾਲੇ ਛਾਲੇ ਹੋ ਗਿਆ। ਉਪਰੰਤ ਆਪ ਨੂੰ ਰਾਵੀ ਦੇ ਠੰਡੇ ਤੇ ਡੂੰਘੇ ਵਹਿਣ ਵਿਚ ਸੁਟ ਕੇ ਰੋੜ੍ਹ ਦਿਤਾ ਗਿਆ।

ਸਾਡੀਆਂ ਦੁਨਿਆਵੀ ਨਜ਼ਰਾਂ ਵਿਚ ਗੁਰੂ ਜੀ ਨੂੰ ਦਿਤੇ ਗਏ ਕਸ਼ਟ ਬੇਅੰਤ ਭਿਆਨਕ ਤੇ ਦਿਲ-ਕੰਬਾਊ ਹਨ। ਦੁਨੀਆ ਭਰ ਦੇ ਇਤਿਹਾਸ ਵਿਚ ਅਜਿਹੇ ਵਹਿਸ਼ੀਆਨਾ ਤਸੀਹੇ ਦਿਤੇ ਜਾਣੇ ਕਿਤੇ ਨਹੀਂ ਮਿਲਦੇ, ਪਰ ਪੰਚਮ ਪਾਤਸ਼ਾਹ ਜੀ ਨੇ ਇਹ ਸਭ ਕੁਝ ਸ਼ਾਂਤ-ਚਿਤ ਅਡੋਲ ਬਿਰਤ ਰਹਿ ਕੇ ਆਪਣੇ ਸਰੀਰ ਤੇ ਸਹਾਰਿਆ ਅਤੇ ਭਾਣਾ ਮੰਨਣ ਦਾ ਲਾ-ਮਿਸਾਲ ਮਿਆਰ ਕਾਇਮ ਕੀਤਾ। ਜੁਗਾਂ ਪ੍ਰਯੰਤ ਗੁਰੂ ਸਾਹਿਬ ਦੀ ਇਹ ਅਲੌਕਿਕ ਸ਼ਹੀਦੀ ਧਰਮ ਤੋਂ ਕੁਰਬਾਨ ਹੋਣ ਵਾਲਿਆਂ ਨੂੰ ਪ੍ਰੇਰਨ ਲਈ ਚਾਨਣ-ਮੁਨਾਰਾ ਬਣੀ ਰਹੇਗੀ ਅਤੇ ਰੱਬ ਦੀ ਰਜ਼ਾ ਵਿਚ ਰਾਜ਼ੀ ਰਹਿਣ ਤੇ ਭਾਣਾ ਮਿਠਾ ਕਰ ਕੇ ਮੰਨਣ ਦੀ ਸਿਖਿਆ ਦਿੰਦੀ ਰਹੇਗੀ।

ਗੁਰੂ ਸਾਹਿਬ ਜੋ ਉਬਲਦੀ ਦੇਗ ਵਿਚ ਬੈਠੇ ਤਾਂ ਵੀ ਤਪਤ ਮਾਹਿ ਠਾਂਢ ਹੀ ਵਰਤਦੀ ਰਹੀ, ਜੋ ਅੱਗ ਵਾਂਗ ਭਖਦੀ ਲੋਹ ਤੇ ਬੈਠੇ ਤਾਂ ਵੀ ਅਡੋਲ ਚੌਂਕੜੇ ਵਿਚ ਮਗਨ ਰਹੇ, ਅਤੇ ਜੋ ਸੜਦੀ ਬਲਦੀ ਰੇਤ ਦੇ ਕੜਛੇ ਸੀਸ ਵਿਚ ਪੈਂਦੇ ਰਹੇ ਤਾਂ ਵੀ ਸ਼ਾਂਤ ਚਿਤ ਅਡੋਲ ਬਿਰਤੀ ਵਿਚ ਕੋਈ ਫ਼ਰਕ ਨਾ ਪਿਆ। ਲੋਕਾਈ ਦੀਆਂ ਨਜ਼ਰਾਂ ਵਿਚ ਭਾਵੇਂ ਇਹ ਦ੍ਰਿਸ਼ ਬੜੇ ਡਰਾਉਣੇ ਹਨ, ਪਰ ਬ੍ਰਹਮ-ਜੋਤੀ ਵਿਚ ਇਕ ਰੂਪ ਇਕ-ਮਿਕ ਹੋਈ ਵੀ ਬ੍ਰਹਮ-ਆਤਮਾ ਦਾ ਇਹ ਵਾਲ ਵੀ ਵਿੰਗਾ ਨਹੀਂ ਕਰ ਸਕਦੇ। ਇਹ ਸਾਡੇ ਮਲੀਨ ਹਿਰਦਿਆਂ ਦੇ ਹੀ ਕਾਂਬੇ ਸਾਨੂੰ ਕੰਬਾ ਰਹੇ ਹਨ।

ਭਾਈ ਸਾਹਿਬ ਰਣਧੀਰ ਸਿੰਘ ਜੀ ਇਨ੍ਹਾਂ ਚਿਤਰਾਂ ਦਾ ਸਿੱਟਾ ਇਹ ਕਢਦੇ ਹਨ-

"ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਇਹ ਚਲਿਤ ਆਪਣੇ ਸਰੀਰ ਉਪਰ ਆਪ ਹੀ ਵਰਤਾਏ। ਉਨ੍ਹਾਂ ਦੀ ਉਸ਼ਨ-ਸੀਤ ਦੇਹੀ ਨੂੰ ਦੁਸ਼ਟ ਪਾਪੀਆਂ ਦੇ ਦਿੱਤੇ ਅਗਨ-ਦਾ, ਤਸੀਹਿਆਂ ਦਾ ਦਾਗ ਵੀ ਨਹੀਂ ਲਗਿਆ ਸਗੋਂ ਦੁਸ਼ਟ-ਰਾਜ ਦੀ ਜੜ੍ਹ ਮੇਖ ਦਾਗੀ-ਦਾਹੀ ਗਈ। ..ਇਸ ਅਦੁੱਤੀ ਅਹੂਤੀ ਦਿੱਤੇ ਬਾਝੋਂ ਦੁਖਿਤ ਪਰਜਾ ਦੇ ਦਾਹ ਨਹੀਂ ਮਿਟ ਸਕਦੇ ਸਨ ਅਤੇ ਦੁਸ਼ਟ ਰਾਜ ਦੇ ਵਿਨਾਸ਼ ਕਾਲ ਦਾ ਬਾਨ੍ਹਣੂ ਨਹੀਂ ਬਝ ਸਕਦਾ ਸੀ। ਇਸ ਇਲਾਹੀ ਰਮਜ਼ ਨੂੰ ਆਮ ਇਨਸਾਨੀ ਅਕਲ ਤੇ ਦਿਮਾਗੀ ਫ਼ਿਲਾਸਫ਼ੀ ਕੀ ਸਮਝ ਸਕਦੀ ਹੈ।...ਪ੍ਰਭੂ-ਪਠਾਏ ਧੁਰੋਂ ਆਏ ਧਰਮ-ਧੁਰੰਦਰੀ ਸਰਬੱਗ ਪੁਰਸ਼ਾਂ ਦੇ ਸ਼ਹੀਦੀ ਸਾਕੇ ਅਲਪਗ ਅਕਲਾਂ ਵਾਲੇ ਸੰਸਾਰੀ ਜੀਵ ਕੀ ਲਿਖ-ਲਿਖਾ ਸਕਦੇ ਹਨ।"

ਗੁਰੂ ਅਰਜਨ ਦੇਵ ਜੀ ਪੰਚਮ ਪਾਤਸ਼ਾਹ ਨੇ ਮਹਾਂ ਤਪਸ਼ ਵਿੱਚ ਭੀ ਪ੍ਰਭੂ-ਸਿਮਰਨ ਵਿੱਚ ਰਹਿ ਕੇ ਠੰਢ ਹੀ ਪਰਤੀਤ ਕੀਤੀ। ਸੱਚਮੁੱਚ ਜੋ ਉਨ੍ਹਾਂ ਕਿਹਾ ਸੀ ਕਿ :

ਤਪਤਿ ਮਾਹਿ ਠਾਢਿ ਵਰਤਾਈ॥
ਅਨਦੁ ਭਇਆ ਦੁਖ ਨਾਠੇ ਭਾਈ ॥

ਇਸ ਮਹਾਂ ਵਾਕ ਨੂੰ ਅਮਲੀ ਰੂਪ ਦੇ ਕੇ ਪੂਰਾ ਕਰ ਵਿਖਾਇਆ। ਧੰਨ ਗੁਰੂ ਅਰਜਨ ਦੇਵ ਜੀ -

ਗੁਰੂ ਅਰਜਨ ਵਿਟਹੁ ਕੁਰਬਾਣੀ॥


www.AKJ.Org

# ਰਜ ਗੁਣ ਤਮ ਗੁਣ ਸਤ ਗੁਣ ਕਹੀਐ

## ਇਹ ਤੇਰੀ ਸਭ ਮਾਇਆ

ਤਮੋ ਗੁਣੀ ਜਾਂ ਰਜੋ ਗੁਣੀ ਸੁਭਾਅ ਦੀ ਵਿਚਾਰ ਕਰਦਿਆਂ ਇਸ ਗੱਲ ਦਾ ਨਿਰਣਾ ਹੋਇਆ ਸੀ ਕਿ ਦੋਹਾਂ ਹਾਲਤਾਂ ਵਿਚ 'ਭਰਮ' ਅਤੇ 'ਮੋਹ' ਇਹ ਜਗਤ ਦਾ ਮੂਲ ਹਨ।

ਮੂਲੁ ਮੋਹੁ ਕਰਿ, ਕਰਤੈ ਜਗਤੁ ਉਪਾਇਆ।।
ਮਮਤਾ ਲਾਇ ਭਰਮਿ ਭੋੁਲਾਇਆ।। (ਪੰਨਾ ੧੧੨੯)

ਤਮੋ ਅਸੋਧੀ ਬਿਰਤੀ ਦਾ ਸੂਚਕ ਹੈ। ਮੂੜ੍ਹ,ਖਲ,ਮੁਗਧ, ਹੱਤਿਆਰਾ, ਪਾਪੀ, ਕਾਮੀ, ਕ੍ਰੋਧੀ, ਅਗਿਆਨੀ, ਅੰਧਾ, ਇਹੋ ਜਿਹੇ ਸ਼ਬਦਾਂ ਰਾਹੀਂ ਤਮੋ ਗੁਣੀ ਵਾਲੇ ਨੂੰ ਜਾਣਿਆ ਜਾਂਦਾ ਹੈ। ਚਤੁਰ, ਸਿਆਣਾ, ਮਾਇਆ ਮਦ-ਮਾਤਾ, ਮਾਇਆਧਾਰੀ, ਮੁਖ-ਗਿਆਨੀ, ਕਪਟੀ, ਪਾਖੰਡੀ ਆਦਿ ਸ਼ਬਦ ਰਜੋ ਗੁਣੀ ਲਈ ਵਰਤੇ ਗਏ ਹਨ। ਇਨ੍ਹਾਂ ਦੋਹਾਂ ਅਵਸਥਾਵਾਂ ਵਿਚ ਜੀਵਨ ਦਾ ਤਾਣਾ ਪੇਟਾ ਉਲਝਿਆ ਜਿਹਾ ਰਹਿਦਾ ਹੈ। ਕਦੀ ਹਰਖ ਕਦੀ ਸੋਗ, ਕਦੀ ਉਤਾਰ ਕਦੀ ਚੜ੍ਹਾ, ਦੌੜ, ਭੱਜ-ਨੱਠ,ਅੱਗੇ ਵਧਣਾ, ਵਡਾ ਬਣਨਾ, ਧਨ ਖਟਣਾ, ਧਨ ਜੋੜਨ, ਚਾਹੇ ਕਿਸੇ ਹੀਲੇ ਨਾਲ ਜੁੜੇ , ਸਾਰਾ ਦਿਨ ਚਕਰਾਂ ਵਿਚ ਪਏ ਰਹਿਣਾ, ਵਿਖਾਵਾ ਕਰਨਾ, ਪਖੰਡ ਕਰਨਾ, ਆਦਿ ਇਹ ਸਭ ਰਜੋ ਗੁਣੀ ਜੀਵਨ ਦਾ ਨਕਸ਼ਾ ਹੈ।

ਪਰ ਸਤੋ ਗੁਣ ਵਿਚ ਤਾਂ ਸੁਭਾਅ ਸ਼ਾਂਤ ਹੋ ਜਾਂਦਾ ਹੈ। ਇਸ ਨੂੰ ਦੈਵੀ ਸੁਭਾਅ ਭੀ ਆਖਦੇ ਹਨ। ਦੇਵਤਿਆਂ ਦੇ ਸੁਭਾਅ ਨੂੰ ਸਤੋ ਗੁਣੀ ਕਹਿ ਦਿੰਦੇ ਹਨ। ਭਾਵ ਉਹ ਸੁਭਾਅ ਜੋ ਉਪਰੋਕਤ ਦੌੜ-ਭਜ ਤੋਂ ਰੁਕ ਜਾਏ। ਮਨੁਖ ਇਹ ਪ੍ਰਸ਼ਨਲਕਰਨ ਲਗ ਪੈਂਦਾ ਹੈ ਕਿ ਆਖ਼ਰ ਮੈਂ ਧਨ ਕਮਾਵਾਂ ਜਾਂ ਜੋੜਾਂ ਤਾਂ ਕਾਹਦੇ ਲਈ ? ਮਾਨ-ਪ੍ਰਤਿਸ਼ਠਾ, ਪਦਵੀ ਪ੍ਰਾਪਤ ਕਰਾਂ ਤਾਂ ਕਿਉਂ ?

"ਜਾਂ ਰਹਿਣਾ ਨਾਹੀ ਐਤੁ ਜਗਿ
ਤਾ ਕਾਇਤੁ ਗਾਰਬਿ ਹੰਢੀਐ।।"
(ਆਸਾ ਦੀ ਵਾਰ)

ਹੁਣ ਥੋੜਾ ਥੋੜਾ ਭਰਮ ਦਾ ਪਰਦਾ ਕਿਤੋਂ ਕਿਤੋਂ ਟੁਟਦਾ ਹੈ ਜੋ ਅਗੇ ਚਲ ਕੇ "ਗਿਆਨ ਕੀ ਆਈ ਆਧੀ" ਨਾਲ ਉਡ ਜਾਏਗਾ। ਪਰ ਉਸ ਪਰਦੇ ਵਿਚ ਪਾੜ ਸਤੋ ਗੁਣ ਵਿਚ ਹੀ ਆ ਕੇ ਪੈਂਦੇ ਹਨ। ਇਸ ਤੋਂ ਪਹਿਲੇ ਤਾਂ ਰੌਸ਼ਨੀ ਦਾ ਦਿਸਣਾ ਅਸੰਭਵ ਜਿਹਾ ਹੁੰਦਾ ਹੈ।

ਭਾਰਤੀ ਧਰਮ-ਗ੍ਰੰਥਾਂ ਅਨੁਸਾਰ ਸਤੋ ਗੁਣੀ ਦੇ ਹੇਠ ਲਿਖੇ ਲਛਣ ਹੁੰਦੇ ਹਨ , ਅੰਤਹਕਰਣ (ਹਿਰਦੇ ) ਦੀ ਸ਼ੁਧੀ ਲਈ ਸੱਚ ਬੋਲਣਾ ਤੇ ਸੱਚਾ ਸੁੱਚਾ ਜੀਵਨ ਬਤੀਤ ਕਰਨ ਨੂੰ ਜੀਅ ਕਰਨਾ, ਕਿਉਂਕਿ ਇਉਂ ਸੱਚੇ ਦੇ ਨੇੜੇ ਹੋਵੀਂਦਾ ਹੈ। *ਸੱਚੇ ਦੇ ਨੇੜੇ ਹੋਣ ਲਈ ਝੂਠ ਤੋਂ ਨਫਰਤ ਹੋ ਜਾਂਦੀ ਹੈ ਅਤੇ ਸੁਚਮਤਾ ਜਾਂ ਬਿਬੇਕ ਰਖਣ ਲਈ ਸੁਭਾਵਕ ਹੀ ਰੁਚੀ ਉਪਜਦੀ ਹੈ।*

ਸੁਭਾਅ ਚੂੰਕਿ ਸਤ ਤੇ ਆਧਾਰਤ ਹੁੰਦਾ ਹੈ ਇਸ ਲਈ ਸਰਲ ਹੁੰਦਾ ਹੈ। ਉਸਦਾ ਕੁਝ ਵੀ ਗੁਝਾ ਨਹੀਂ ਰਹਿੰਦਾ। ਮੱਨੁਖ ਹਿੰਸਾ ਨਹੀਂ ਕਰਦਾ ਅਤੇ ਮਾਸ ਮੱਛੀ, ਅੰਡੇ ਨਹੀਂ ਖਾਂਦਾ, ਕਿਉਂਕਿ ਇਸ ਵਿਚ ਹਿੰਸਾ ਭੀ ਹੈ ਅਤੇ ਜੀਅ-ਦਇਆ ਦੇ ਪਖੋਂ ਵੀ ਘਾਟਾ ਹੀ ਘਾਟਾ ਹੈ।

"*ਜੀਅ ਦਇਆ ਪਰਵਾਨੁ*" ਹੋਣ ਕਰਕੇ ਮੱਨੁਖ ਦਾ ਸੁਭਾਅ ਜਿਥੇ ਸਰਲ ਹੁੰਦਾ ਹੈ ਉਥੇ ਕੋਮਲ ਭੀ ਬਣ ਜਾਂਦਾ ਹੈ। ਰਸਨਾ ਰਸੀਲੀ ਬਣ ਜਾਂਦੀ ਹੈ। ਹਰ ਇਕ ਨੂੰ ਪਿਆਰ ਨਾਲ ਬੁਲਾਣਾ, ਆਦਰ ਦੇਣਾ ਤੇ ਨਿਮਰਤਾ ਵਿਚ ਬਚਨ ਬਿਲਾਸ ਕਰਨੇ ਉਸ ਦਾ ਸੁਭਾਅ ਬਣ ਜਾਂਦਾ ਹੈ।ਪਰ ਅਸਲ ਨਿਮਰਤਾ ਸਹਿਜ ਅਵਸਥਾ ਵਿਚ ਪੁੱਜ ਕੇ ਆਉਂਦੀ ਹੈ, ਜਦੋਂ ਮਨੁੱਖ ਸਗਲ ਕੀ ਰੇਣਕਾ ਬਣੇ ਰਹਿਣ ਵਿਚ ਹੀ ਪ੍ਰਸੰਨਤਾ ਪ੍ਰਾਪਤ ਕਰਦਾ ਹੈ। ਇਥੇ ਪੁਜ ਕੇ, ਚੁਗਲੀ ਨਿੰਦਾ ਭੀ ਮਨ ਨੂੰ ਚੰਗੀ ਨਹੀਂ ਲਗਦੀ। ਰਜੋ ਗੁਣੀ ਚੰਚਲਤਾ ਨੂੰ ਠਲ੍ਹ ਪੈ ਜਾਂਦੀ ਹੈ, ਜਿਸਦੀ ਥਾਂ ਸੁਭਾਅ ਵਧੇਰੇ ਸ਼ਾਂਤ ਅਤੇ ਸਰਲ ਬਣਦਾ ਜਾਂਦਾ ਹੈ।

ਦਇਆ ਕਰਨੀ, ਦਾਨ-ਪੁੰਨ ਕਰਨਾ, ਜਗ ਕਰਨਾ, ਤਪ ਕਰਨਾ, ਖਿਮਾ ਕਰਨੀ ਇਹ ਸਾਰੇ ਸਤੋ ਗੁਣੀ ਸੁਭਾ ਦੇ ਲਛਣ ਹਨ। ਜਗ ਕਰਨ ਦੇ ਨਾਲ ਨਾਲ ਤੀਰਥਾਂ ਤੇ ਨਹਾਉਣਾ, ਦਿਨ ਦਿਹਾਰਾਂ ਸਮੇਂ ਉਚੇਚੇ ਤੀਰਥ ਇਸ਼ਨਾਨ ਕਰਨੇ, ਮਸਿਆ, ਪੂਰਨਮਾਸ਼ੀ, ਗ੍ਰਹਿਣ ਆਦਿ ਦੀਆਂ ਮਨੌਤਾਂ ਮੰਨਣੀਆਂ, ਵਰਤ ਰਖਣੇ, ਮੋਨ ਵਰਤ ਧਾਰਨੇ, ਵੇਦ ਪਾਠ ਕਰਨੇ ਕਰਾਉਣੇ, ਕਈ ਪ੍ਰਕਾਰੀ ਯੋਗ ਸਾਧਨਾ ਰਾਹੀਂ ਸਾਧਨਾ ਤੇ ਸੰਵਾਰਣਾ, ਇਹ ਸਭ ਲੱਛਣ ਪੁਰਾਤਨ ਧਰਮ ਗ੍ਰੰਥਾਂ ਆਦਿ ਦੇ ਆਧਾਰ ਤੇ ਉਲੀਕੇ ਹੋਏ ਹਨ। ਇਸੇ ਵਿਚ ਬੋਧੀਆਂ ਦਾ, ਜਾਂ ਜੈਨੀਆਂ ਦਾ ਨਿਰਵਾਣ-ਪ੍ਰਾਪਤੀ ਮਾਰਗ ਆ ਜਾਂਦਾ ਹੈ। ਇਨ੍ਹਾਂ ਵਿਚ ਹੀ ਦੁਨੀਆ ਦੇ ਸਾਰੇ ਮਜ਼ਹਬਾਂ ਦੇ ਚੰਗੇ ਮਾਨਵੀ ਅਸੂਲਾਂ ਦੀਆਂ ਜੜ੍ਹਾਂ ਹਨ। ਸਤੋ ਗੁਣ ਮਾਨੋ ਮੱਨੁਖ ਦੇ ਸਭ ਤੋਂ ਉਚੇ ਆਦਰਸ਼ ਦੀ ਅਤੇ ਚੰਗੇ ਜੀਵਨ ਦੀ ਜੁਗਾਂ ਪੁਰਾਣੀ ਤਸਵੀਰ ਦੀ ਕਲਪਨਾ ਹੈ। ਇਥੋਂ ਤਕ ਕਿ ਬ੍ਰਾਹਮਣ ਇਸ ਨੂੰ ਦੈਵੀ ਜੀਵਨ ਆਖਦੇ ਹਨ। ਅਤੇ ਇਹ ਹੁਣ ਭੀ ਮੰਨਿਆ ਜਾਂਦਾ ਹੈ ਕਿ ਇਸ ਤੋਂ ਉਪਰ ਮਨੁਖ ਲਈ ਪ੍ਰਾਪਤ ਕਰਨ ਲਈ ਕੁਝ ਨਹੀਂ।



www.AKJ.Org

ਪਰ ਗੁਰਬਾਣੀ ਵਿਚ ਇਸ ਅਵਸਥਾ ਨੂੰ ਭੀ ਅਕਾਲ ਪੁਰਖ ਦੀ "*ਮਾਇਆ*" ਦਾ ਇਕ ਸੁਹਾਵਣਾ ਰੂਪ ਦਸਿਆ ਹੈ ਅਤੇ ਥਾਂ ਥਾਂ ਸਾਵਧਾਨ ਕੀਤਾ ਹੈ ਕਿ ਇਸਦੇ ਭੁਲੇਖੇ ਵਿਚ ਪੈ ਕੇ ਬੈਠੇ ਨਹੀਂ ਰਹਿਣਾ।

ਰਜ ਗੁਣ, ਤਮ ਗੁਣ ਸਤ ਗੁਣ ਕਹੀਐ,
ਇਹ ਤੇਰੀ ਸਭ ਮਾਇਆ।। (ਪੰਨਾ ੧੧੨੩)

ਦੇਵਤਿਆਂ ਨੂੰ ਸਤੋ ਗੁਣੀ ਮੰਨਿਆ ਜਾਂਦਾ ਹੈ- ਜਿਨ੍ਹਾਂ ਦੀ ਪੂਜਾ ਰਜੋ ਗੁਣੀ ਤੇ ਤਮੋ ਗੁਣੀ ਸ਼ਰੇਣੀ ਦੇ ਮਨੁਖ ਕਰਦੇ ਆਏ ਹਨ। ਭਾਵ ਭਾਰਤੀ ਪਰੰਪਰਾ ਅਨੁਸਾਰ ਹੁਣ ਭੀ ਲੋਕ ਸਤੋ ਗੁਣੀ ਸ਼੍ਰੇਣੀ ਦੇਵੀ ਦੇਵਤਿਆਂ- ਦੀ ਪੂਜਾ ਕਰਦੇ ਹਨ (ਭਾਵੇਂ ਦੇਵੀ ਦੇਵਤੇ ਅਜੂਨੀ ਨਹੀਂ, ਇਹ ਭੀ ਇਕ ਸਤੋ ਗੁਣੀ ਜੂਨ ਹੈ )। ਦੇਵਤਿਆਂ ਵਿਚ ਤਿੰਨ ਦੇਵਤੇ ਸ਼ਰੋਮਣੀ ਹਨ, ਬ੍ਰਹਮਾ ਵਿਸ਼ਨੂੰ ਅਤੇ ਸ਼ਿਵ ਸ਼ੰਕਰ। ਪਰ ਸਤੋ ਗੁਣੀ ਹੋਣ ਦੇ ਬਾਵਜੂਦ ਭੀ ਇਨ੍ਹਾਂ ਤਿੰਨਾਂ ਨੂੰ ਪ੍ਰਭੂ ਪਰਮੇਸਰ ਨਹੀਂ ਦਿਸਦਾ।

ਓਹੁ ਵੇਖੈ, ਓਨਾ ਨਦਰਿ ਨ ਆਵੈ, ਬਹੁਤਾ ਏਹੁ ਵਿਡਾਣੁ।।
(ਜਪੁਜੀ ਪਉੜੀ ੩੦)

ਭਾਵ ਜੇ ਸ਼੍ਰੋਮਣੀ ਸਤੋ ਗੁਣੀ ਦੇਵਤੇ ਇਸ ਮਾਇਆ ਦੇ ਪਰਦੇ ਵਿਚ-ਦੀ ਪ੍ਰਭੂ ਪ੍ਰੀਤਮ ਦੇ ਦਰਸ਼ਨ ਨਹੀਂ ਪਾ ਸਕਦੇ ਤਾਂ ਹੇਠਲੇ ਪਧਰ ਦੇ ਸਤੋ ਗੁਣੀ ਮਨੁਖ-ਸਿਧ ਸਾਧਕ, ਸੰਨਿਆਸੀ, ਤਪਸੀ, ਜੋਗੀ, ਨਾਥ, ਮਹਾਤਮਾ ਆਦਿ ਕਿਵੇਂ ਸਤੋ ਗੁਣ ਰਾਹੀਂ ਨਿਰਬਾਣ ਪਦ ਦੀ ਪ੍ਰਾਪਤੀ ਕਰ ਸਕਦੇ ਹਨ ?

ਬ੍ਰਹਮੈ ਗਰਬੁ ਕੀਆ ਨਹੀ ਜਾਨਿਆ।।
ਬੇਦ ਕੀ ਬਿਪਤਿ ਪੜੀ ਪਛੁਤਾਨਿਆ।। (ਪੰਨਾ ੨੪੪)
ਸਨਕ, ਸਨੰਦ, ਅੰਤੁ ਨਹੀ ਪਾਇਆ।। (ਪੰਨਾ ੪੭੮)

ਫਿਰ ਮਨੁਖੀ ਪੱਧਰ ਤੇ ਸੰਨਿਆਸੀਆਂ, ਜੋਗੀਆਂ ਆਦਿ ਦੇ ਕਠਨ ਤਪਾਂ ਦਾ ਭੀ ਬਾਣੀ ਅੰਦਰ ਜ਼ਿਕਰ ਆਉਂਦਾ ਹੈ, ਪਰ ਉਸ ਤੋਂ ਹੋਈ ਪ੍ਰਾਪਤੀ ਬਾਰੇ ਜਦੋਂ ਨਿਗਾਹ ਮਾਰੀਦੀ ਹੈ ਤਾਂ ਬੜੀ ਨਿਰਾਸਤਾ ਹੁੰਦੀ ਹੈ ਕਿ ਕਿੰਨੇ ਕਿੰਨੇ ਬਰਸ ਉਨ੍ਹਾਂ ਲੋਕਾਂ ਨੇ ਕਠਨ ਤਪ ਕੀਤੇ ਪਰ ਪ੍ਰਾਪਤੀ ਉਸ ਦੇ ਤੁਲ ਕੁਝ ਨ ਹੋਈ। ਇਸਦਾ ਨਕਸ਼ਾ ਗੁਰੂ ਅਰਜਨ ਦੇਵ ਜੀ ਨੇ ਸੋਰਠ ਰਾਗ ਵਿਚ ਕਾਫ਼ੀ ਵਿਸਥਾਰ ਨਾਲ ਖਿਚਿਆ ਹੈ-

'ਪਾਠੁ ਪੜਿਓ ਅਰੁ ਬੇਦੁ ਬੀਚਾਰਿਓ
ਨਿਵਲਿ ਭੁਅੰਗਮ ਸਾਧੇ।।
ਪੰਚ ਜਨਾ ਸਿਉ ਸੰਗੁ ਨ ਛੁਟਕਿਓ
ਅਧਿਕ ਅਹੰਬੁਧਿ ਬਾਧੇ।।' (ਪੰਨਾ ੬੪੧)

ਸਤੋ ਗੁਣੀ ਨੂੰ ਸੰਬੋਧਨ ਕਰ ਕੇ ਰਹਾਉ ਦੀ ਤੁਕ ਵਿਚ ਸਮੁਚੇ ਸ਼ਬਦ ਦਾ ਸਾਰ ਦਸਿਆ ਹੈ ਤੇ ਗੁਰੂ ਮਹਾਰਾਜ ਜੀ ਸਮਝੌਤੀ ਦਿੰਦੇ ਹੋਏ ਸਮਝਾਂਦੇ ਹਨ:-

"ਪਿਆਰੇ ਇਨ ਬਿਧਿ ਮਿਲਣੁ ਨ ਜਾਈ,
ਮੈ ਕੀਏ ਕਰਮ ਅਨੇਕਾ।।
ਹਾਰਿ ਪਰਿਓ ਸੁਆਮੀ ਕੈ ਦੁਆਰੈ
ਦੀਜੈ ਬੁਧਿ ਬਿਬੇਕਾ।।ਰਹਾਉ।। (ਪੰਨਾ ੬੪੧)
ਜੀਅ ਰੇ ਓਲ੍ਹਾ ਨਾਮ ਕਾ।।
ਅਵਰੁ ਜਿ ਕਰਨ ਕਰਾਵਨੋ
ਤਿਨ ਮਹਿ ਭਉ ਹੈ ਜਾਮ ਕਾ।।੧।। (ਪੰਨਾ ੨੧੧)

ਸਤੋ ਗੁਣੀ ਕਰਮ ਵੇਦਾਂ ਸ਼ਾਸਤ੍ਰਾਂ ਦਾ ਨੁਸਖਾ ਹੈ, ਜੋ ਅਜ ਤਕ ਵਰਤਿਆ ਜਾ ਰਿਹਾ ਹੈ।। ਪਰ ਵਰਤਣ ਵਾਲੇ ਅਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਸੇ ਨੁਸਖੇ ਤੋਂ ਅਨਜਾਣ ਹਨ। ਗੁਰਮਤਿ ਅਨੁਸਾਰ ਉਪਰਲਾ ਨੁਸਖਾ ਜੁਗਾਂ ਪੁਰਾਣਾ ਹੈ ਅਤੇ ਕਲਜੁਗ ਵਿਚ ਕੇਵਲ ਨਾਮ ਦੀ ਹੀ ਮਹੱਤਤਾ ਹੈ।

ਜਤੁ ਸੰਜਮ ਤੀਰਥ ਓਨਾ ਜੁਗਾ ਕਾ ਧਰਮੁ ਹੈ,
ਕਲਿ ਮਹਿ ਕੀਰਤਿ ਹਰਿ ਨਾਮਾ।।੨।। (ਪੰਨਾ ੭੯੭)
ਅਹੰਬੁਧਿ ਕਰਮ ਕਮਾਵਨੇ।।
ਗ੍ਰਿਹ ਬਾਲੂ ਨੀਰਿ ਬਹਾਵਨੇ।। (ਪੰਨਾ੨੧੧)

ਦੇ ਗੁਰ ਹੁਕਮ ਅਨੁਸਾਰ ਸਤੋ ਗੁਣੀ ਕਰਮ, ਕਰਮ-ਕਾਂਡ ਦਾ ਚਕਰ ਚਲਾ ਦਿੰਦੇ ਹਨ। ਇਨ੍ਹਾਂ ਵਿਚ ਆਸਾ ਮਨਸਾ ਹੁੰਦੀ ਹੈ, ਜੋ ਜੀਅ ਨੂੰ ਬੰਧਨਾਂ ਵਿਚ ਪਾ ਦਿੰਦੀ ਹੈ।

ਆਸਾ ਮਨਸਾ ਬੰਧਨੀ ਭਾਈ, ਕਰਮ ਧਰਮ ਬੰਧਕਾਰੀ।।
ਪਾਪਿ ਪੁੰਨਿ ਜਗੁ ਜਾਇਆ ਭਾਈ, ਬਿਨਸੈ ਨਾਮੁ ਵਿਸਾਰੀ।।
ਇਹ ਮਾਇਆ ਜਗਿ ਮੋਹਣੀ ਭਾਈ, ਕਰਮ ਸਭੇ ਵੇਕਾਰੀ।।੧।।
(ਪੰਨਾ ੬੩੫)

ਕਰਮਾਂ ਤੇ ਨਿਰਭਰ ਮਨੁਖ ਚੰਗੇ ਮੰਦੇ ਫਲ ਭੋਗਣ ਲਈ ਆਂਦਾ ਜਾਂਦਾ ਹੈ, ਕਿਉਂਕਿ ਹਰ ਕਰਮ ਪਿਛੇ ਕਰਨ ਵਾਲੇ ਦੀ ਹਉਮੈ ਬਣੀ ਰਹਿੰਦੀ ਹੈ।

ਜਬ ਇਹ ਜਾਨੈ ਮੈ ਕਿਛੁ ਕਰਤਾ।।
ਤਬ ਲਗੁ ਗਰਭ ਜੋਨਿ ਮਹਿ ਫਿਰਤਾ।।.....
ਅਨਿਕ ਤਪਸਿਆ ਕਰੇ ਅਹੰਕਾਰ।।
ਨਰਕ ਸੁਰਗ ਫਿਰਿ ਫਿਰਿ ਅਵਤਾਰ।।
ਅਨਿਕ ਜਤਨ ਕਰਿ ਆਤਮ ਨਹੀ ਦ੍ਰਵੈ।।
ਹਰਿ ਦਰਗਹ ਕਹੁ ਕੈਸੇ ਗਵੈ।।
(ਗਉੜੀ ਸੁਖਮਨੀ, ਪੰਨਾ ੨੭੮)

ਇਹੀ ਹਾਲ ਸਾਰੇ ਸਤੋ ਗੁਣੀ ਤਪੀਆਂ ਦਾ ਹੈ।

ਐਸਾ ਦੇਖਿ ਬਿਮੋਹਿਤ ਹੋਏ।।
ਸਾਧਿਕ ਸਿਧ ਸੁਰ ਦੇਵ ਮਨੁਖਾ,
ਬਿਨੁ ਸਾਧੂ ਸਭਿ ਧ੍ਰੋਹਨਿ ਧ੍ਰੋਹੇ।।



www.AKJ.Org

ਤਪੁ ਕਰਤੇ ਤਪਸੀ ਭੂਲਾਏ।।
ਪੰਡਿਤ ਮੋਹੇ ਲੋਭਿ ਸਬਾਏ।।
ਤੈ ਗੁਣ ਮੋਹੇ ਮੋਹਿਆ ਆਕਾਸੁ।।
ਹਮ ਸਤਿਗੁਰ ਰਾਖੇ ਦੇ ਕਰਿ ਹਾਥੁ।।
(ਪੰਨਾ ੩੭੦)

ਭਾਵ ਕੇਵਲ ਤਪ ਹੋਮ ਨਿਰਮਲ ਕਰਮ ਕਰਨ ਨਾਲ ਹਉਮੈ ਨਹੀਂ ਮਿਟਦੀ। ਇਕ ਹੋਰ ਬੜੀ ਦਿਲਚਸਪ ਗੱਲ ਇਹ ਹੈ ਕਿ ਉਪ੍ਰੋਕਤ ਸਤੋ ਗੁਣੀ ਕਰਮ ਵਿਅਕਤੀਗਤ ਹੁੰਦੇ ਹਨ। ਇਨ੍ਹਾਂ ਵਿਚ ਸਾਧ-ਸੰਗਤ ਅਤੇ ਸੇਵਾ ਦੀ ਘਾਟ ਹੁੰਦੀ ਹੈ, ਜਿਸ ਕਰਕੇ ਹਉਮੈ ਨਹੀਂ ਮਿਟਦੀ। ਮਾਨੋ ਇਨ੍ਹਾਂ ਦੋ ਸਾਧਨਾ ਦਾ ਹਰ ਮਨੁਖ ਲਈ ਸਿਧਾਂਤ (Theory) ਤੋਂ ਬਾਅਦ ਆਤਮਕ-ਪ੍ਰਯੋਗਸ਼ਾਲਾ ਵਿਚ ਅਮਲੀ ਵਰਤੋਂ ਕਰਨਾ (Practical) ਅਤਿ ਜ਼ਰੂਰੀ ਹੈ। ਸਤੋ ਗੁਣੀ ਭਾਰਤ-ਵਾਸੀ ਪੁਰਾਤਨ ਸਮਿਆਂ ਵਿਚ ਭੀ ਅਤੇ ਹੁਣ ਭੀ ਕਿਸੇ ਨੁਕਰੇ ਬੈਠਦੇ ਹਨ। ਲੋਕੀ ਇਨ੍ਹਾਂ ਨੂੰ ਪਲਾਇਨ ਵਾਦੀ (escapist) ਭੀ ਆਖ ਦਿੰਦੇ ਹਨ। ਗੁਰੂ ਨਾਨਕ ਦੇਵ ਜੀ ਨੇ ਭੀ ਸਿਧਾਂ ਨੂੰ ਵਾਪਸ ਮੁੜਨ ਲਈ ਪ੍ਰੇਰਿਆ ਹੀ ਸੀ। ਪਰ ਉਹ ਸਤੋ ਗੁਣੀ ਮਾਇਆ ਦੇ ਭਰਮਾਏ ਪਹਾੜਾਂ ਵਿਚ ਹੀ ਲੁਕੇ ਰਹੇ।

ਕਰਾਮਾਤਾਂ ਨੂੰ ਭੀ ਸਤੋ ਗੁਣ ਦਾ ਇਕ ਅੰਗ ਮੰਨਿਆ ਜਾਂਦਾ ਹੈ। ਆਖ਼ਰ ਜੋਗ,ਤਪ, ਕਰਨ ਨਾਲ ਕੁਝ ਨ ਕੁਝ ਤਾਂ ਪ੍ਰਾਪਤੀ ਹੁੰਦੀ ਹੀ ਹੈ। ਇਨ੍ਹਾਂ ਵਿਚ ਨੌ ਪ੍ਰਕਾਰ ਦੀਆਂ ਨਿਧੀਆਂ (ਖਜ਼ਾਨੇ) ਹਨ :-ਪਦਮ (ਸੋਨਾ ਚਾਂਦੀ),ਮਹਾ ਪਦਮ (ਹੀਰੇ ਜਵਾਹਰਾਤ), ਸੰਖ (ਸੁੰਦਰ ਭੋਜਨ ਕਪੜੇ), ਮਕਰ (ਰਾਜ ਤੇ ਪ੍ਰਤਿਸ਼ਠਾ), ਕਛਪ (ਕਪੜੇ ਦਾਣੇ ਦੀ ਸੁਦਾਗਰੀ), ਕੁੰਦ (ਸੋਨੇ ਦੀ ਸੁਦਾਗਰੀ), ਨੀਲ (ਮੋਤੀ ਮੂੰਗੇ ਦੀ ਸੁਦਾਗਰੀ), ਮੁਕੰਦ (ਰਾਗ ਅਤੇ ਕੋਮਲ ਹੁਨਰਾਂ ਦੀ ਪ੍ਰਾਪਤੀ) ਵਰਚ ਜਾਂ ਖ਼ਰਬਾਂ।

ਇਸ ਤੋਂ ਇਲਾਵਾ ੧੮ ਪ੍ਰਕਾਰ ਦੀਆਂ ਸਿਧੀਆਂ ਭੀ ਹਨ ਜੋ ਤਪੀ ਤਪੀਸਰਾਂ ਨੂੰ ਪ੍ਰਾਪਤ ਹੁੰਦੀਆਂ ਹਨ। ੧. ਅਣਿਮਾ (ਦੂਜੇ ਦਾ ਰੂਪ ਧਾਰਨ ਕਰ ਲੈਣਾ), ੨. ਮਹਿਮਾ (ਦੇਹ ਨੂੰ ਵਡਾ ਕਰ ਲੈਣਾ), ੩. ਲਘਿਮਾ (ਦੇਹ ਨੂੰ ਛੋਟਾ ਕਰ ਲੈਣਾ), ੪. ਗਰਿਮਾ (ਭਾਰੀ ਹੋ ਜਾਣਾ), ੫. ਪ੍ਰਾਪਤੀ (ਮਨ ਇਛਤ ਭੋਗਾਂ ਦੀ ਪ੍ਰਾਪਤੀ), ੬. ਪ੍ਰਕਾਮਯ (ਹੋਰਨਾਂ ਦੇ ਮਨ ਦੀ ਬੁਝ ਲੈਣੀ), ੭. ਈਸ਼ਿਤਾ (ਆਪਣੀ ਮਰਜ਼ੀ ਅਨੁਸਾਰ ਸਭ ਨੂੰ ਪ੍ਰੇਰ ਲੈਣਾ),੮. ਵਸ਼ਿਤਾ (ਮਰਜ਼ੀ ਅਨੁਸਾਰ ਸਭ ਨੂੰ ਕਾਬੂ ਕਰ ਸਕਣਾ), ੯. ਅਨੂਰਮਿ (ਭੁਖ ਪਿਆਸ ਤੇ ਕਾਬੂ), ੧੦. ਦੂਰ ਸ੍ਰਵਣ (ਦੂਰੋਂ ਗੱਲ ਸੁਣ ਸਕਣੇ), ੧੨. ਮਨੋਵੇਗ (ਖ਼ਿਆਲ ਦੀ ਰਫਤਾਰ ਨਾਲੋਂ ਭੀ ਤੇਜ ਜਾਣਾ), ੧੩. ਕਾਮ ਰੂਪ (ਮਨ ਮਰਜ਼ੀ ਦਾ ਰੂਪ ਧਾਰਨ ਕਰ ਲੈਣਾ)। ੧੪. ਪਰਕਾਇ ਪ੍ਰਵੇਸ਼ (ਦੂਜੇ ਦੀ ਦੇਹ ਵਿਚ ਪ੍ਰਵੇਸ਼ ਕਰਨਾ), ੧੫. ਸਵੈ ਇਛ-ਮਿਰਤੂ (ਮਰਜ਼ੀ ਨਾਲ ਪ੍ਰਾਣ ਤਿਆਗਣੇ), ੧੬. ਸੁਰ ਕ੍ਰੀੜਾ (ਦੇਵਤਿਆਂ ਨਾਲ ਰਲ ਕੇ ਮੌਜਾਂ ਕਰਨੀਆਂ), ੧੭. ਸੰਕਲਪ ਸਿਧਿ (ਜੋ ਚਾਹੁਣਾ ਸੋ ਪੂਰਾ ਹੋ ਜਾਣਾ), ੧੮. ਅਪ੍ਰਤਿਹਤ ਗਤਿ (ਬਿਨਾ ਰੋਕ-ਟੋਕ ਹਰ ਥਾਂ ਜਾ ਸਕਣਾ)।

ਰਿਧਿ ਪ੍ਰਾਪਤੀ ਨੂੰ ਕਹਿੰਦੇ ਹਨ। ਇਨ੍ਹਾਂ ਸਿਧੀਆਂ ਦੀ ਪ੍ਰਾਪਤੀ ਜਾਂ ਨਿਧੀਆਂ ਦੀ ਪ੍ਰਾਪਤੀ ਮੋਹ ਹੈ। ਜਿਥੇ ਮੋਹ ਹੈ ਉਹ ਮਾਇਆ ਹੈ। ਜੋ ਮਾਇਆ ਹੈ ਤਾਂ ਭਰਮ ਭੁਲੇਖਾ ਭੀ ਹੈ। ਮਾਇਆ ਨਾਗਣੀ ਭੀ ਹੈ, ਛਲਣ ਵਾਲੀ ਭੀ ਹੈ। ਇਸ ਲਈ ਗੁਰੂ ਮਹਾਰਾਜ ਉਪਦੇਸ਼ ਦਿੰਦੇ ਹਨ ਕਿ ਸਤੋ ਗੁਣੀ ਕਰਮ ਭਾਵੇਂ ਚੰਗੇ ਹਨ, ਭਾਵੇਂ ਇਨ੍ਹਾਂ ਵਿਚ ਪ੍ਰਾਪਤੀਆਂ ਹਨ, ਪਰ ਹੈਨ ਠਗਣ ਵਾਲੀਆਂ। ਇਨ੍ਹਾਂ ਨਾਲ ਸਚੀ ਦਰਗਹ ਸੋਭਾ ਨਹੀਂ ਮਿਲਦੀ।

ਮਨਹਠਿ ਕਿਨੈ ਨ ਪਾਇਓ,
ਸਭ ਥਕੇ ਕਰਮ ਕਮਾਇ।।
ਮਨ ਹਠਿ ਭੇਖ ਕਰਿ ਭਰਮਦੇ,
ਦੁਖੁ ਪਾਇਆ ਦੂਜੈ ਭਾਇ।।
ਰਿਧਿ ਸਿਧਿ ਸਭੁ ਮੋਹੁ ਹੈ,
ਨਾਮੁ ਨ ਵਸੈ ਮਨਿ ਆਇ।।
ਗੁਰ ਸੇਵਾ ਤੇ ਮਨੁ ਨਿਰਮਲੁ ਹੋਵੈ।
ਅਗਿਆਨੁ ਅੰਧੇਰਾ ਜਾਇ।।
ਨਾਮੁ ਰਤਨੁ ਘਟਿ ਪਰਗਟੁ ਹੋਆ,
ਨਾਨਕ ਸਹਜਿ ਸਮਾਇ।।੧।। (ਸਲੋਕ ਮ: ੧, ਅੰਕ ੫੯੩)

ਸਪਸ਼ਟ ਹੈ, ਗੁਰਮਤਿ ਇਸ ਪੜਾਅ ਤੇ ਆ ਕੇ ਪੁਰਾਤਨ ਭਾਰਤੀ ਆਤਮ-ਵਾਦ ਤੋਂ ਅੱਡ ਹੋ ਕੇ ਵਹਿ ਤੁਰਦੀ ਹੈ। ਭਾਰਤੀ ਆਤਮ-ਵਾਦ ਦੀ ਅੰਤਮ ਸੀਮਾ ਸਤੋ ਗੁਣ ਹੈ, ਹਠ ਹੈ ਤਪ ਹੈ, ਜੋਗ ਸਾਧਨ ਹਨ। ਪਰ ਪ੍ਰਭੂ ਨਾਲ ਮਿਲਾਪ ਹਠ ਨਾਲ ਨਹੀਂ ਹੋ ਸਕਦਾ। ਪ੍ਰਭੂ ਕੋਈ ਅਜਿਹੀ ਭੋਲੀ ਭਾਲੀ ਸ਼ਖਸੀਅਤ ਨਹੀਂ ਜੋ ਮਾੜੇ ਮੋਟੇ ਕਰਮਾਂ ਤੇ ਪਸੀਜ ਪਏ, ਖੁਸ਼ ਹੋ ਜਾਏ।

ਨ ਭੀਜੈ ਰਾਗੀ ਨਾਦੀ ਬੇਦਿ।।
ਨ ਭੀਜੈ ਸੁਰਤੀ ਗਿਆਨੀ ਜੋਗਿ।।
ਨ ਭੀਜੈ ਸੋਗੀ ਕੀਤੈ ਰੋਜਿ।।
ਨ ਭੀਜੈ ਰੂਪੀ ਮਾਲੀ ਰੰਗਿ।।
ਨ ਭੀਜੈ ਤੀਰਥਿ ਭਵਿਐ ਨੰਗਿ।।
ਨ ਭੀਜੈ ਦਾਤੀ ਕੀਤੈ ਪੁੰਨਿ।।
ਨ ਭੀਜੈ ਬਾਹਰਿ ਬੈਠਿਆ ਸੁੰਨਿ।।
ਨ ਭੀਜੈ ਭੇੜਿ ਮਰਹਿ ਭਿੜਿ ਸੂਰ।।
ਨ ਭੀਜੈ ਕੇਤੇ ਹੋਵਹਿ ਧੂੜ।।


www.AKJ.Org

ਲੇਖਾ ਲਿਖੀਐ ਮਨ ਕੈ ਭਾਇ।।
ਨਾਨਕ ਭੀਜੇ ਸਾਚੈ ਨਾਇ।। (ਮਹਲਾ ੧, ਪੰਨਾ ੧੨੩੭)

ਮੁਕਦੀ ਗੱਲ ਇਹ ਹੈ ਕਿ ਭਾਵੇਂ ਲਖ ਸਤੋ ਗੁਣੀ ਕਰਮ ਕੀਤੇ ਜਾਣ, ਕਰਮ ਕਰਮ ਹੀ ਹੁੰਦੇ ਹਨ। ਇਨ੍ਹਾਂ ਪਿਛੇ ਹਉਮੈ, ਵਿਖਾਵਾ, ਆਸਾ ਮਨਸਾ, ਆਦਿ ਜ਼ਰੂਰ ਹੁੰਦੇ ਹਨ। ਨਿਬੇੜਾ ਗੁਰੂ ਨਾਨਕ ਪਾਤਸ਼ਾਹ ਆਪ ਹੀ ਕਰਦੇ ਹਨ ਕਿ ਲੇਖਾ ਤਾਂ "ਮਨ ਕੈ ਭਾਇ " ਨਾਲ, ਭਾਵ ਮਨ ਦੀ ਭਾਵਨੀ ਨਾਲ ਹੋਣਾ ਹੈ। ਮਨ ਪੂਰਨ ਤੌਰ ਤੇ ਉਸ ਦੀ ਰਜ਼ਾ ਵਿਚ ਟਿਕ ਜਾਵੇ ਤਾਂ ਸਤੋ ਗੁਣੀ ਕਲਾਸ ਤੋਂ ਅਗਲੇਰੀ ਕਲਾਸ ਵਿਚ ਤਰੱਕੀ (Promotion) ਹੋ ਜਾਂਦੀ ਹੈ, ਜਿਸ ਨੂੰ ਸਹਿਜ ਅਵਸਥਾ ਆਖਦੇ ਹਨ। ਪਰ ਇਹ ਸਭ ਉਸ ਪ੍ਰਭੂ-ਗੁਰੂ ਕਿਰਪਾਲ ਦੀ ਕਿਰਪਾ ਦ੍ਰਿਸ਼ਟੀ ਨਾਲ ਹੀ ਹੋ ਸਕਦਾ ਹੈ।

ਹਾਂ ਇਤਨਾ ਜ਼ਰੂਰ ਹੈ ਕਿ ਸਤੋ ਗੁਣ ਦੀ ਅਵਸਥਾ ਨੂੰ ਪ੍ਰਾਪਤ ਕਰ ਕੇ ਤਮੋ ਗੁਣੀ ਕਮੀਨਾ-ਪਣ, ਧਕੇਸ਼ਾਹੀ, ਜ ਦਾ ਸ਼ੋਰ, ਅਡੰਬਰ, ਨੁਮਾਇਸ਼, ਹੈਂਕੜ ਕਾਫ਼ੀ ਮੁਕ ਜਾਂਦੀ ਹੈ। ਮਨੁਖ ਕੁਝ ਸ਼ਾਂਤੀ ਅਨੁਭਵ ਕਰਦਾ ਹੈ।

ਪਰ ਇਹ ਕਦੀ ਨਹੀਂ ਕਿਹਾ ਜਾ ਸਕਦਾ ਕਿ ਅਸੀਂ ਕਿਹੜੀ ਅਵਸਥਾ ਵਿਚ ਹਾਂ। ਬੜੇ ਬੜੇ ਸਤੋ ਗੁਣੀ ਸਾਧੂ ਕਈ ਵਾਰੀ ਤਮੋ ਗੁਣੀ ਰੁਚੀ ਦੀਆਂ ਕਰਤੂਤਾਂ ਕਰਦੇ ਸੁਣੀਦੇ ਹਨ। ਉਸ ਦੀ ਮਾਇਆ ਬੜੀ ਪਰਬਲ ਹੈ।

ਤਪੁ ਕਰਤੇ ਤਪਸੀ ਭੂਲਾਏ।।
ਵਡੇ ਵਡੇ ਕਹਿੰਦੇ ਕਹਾਉਂਦੇ ਨਾਮ-ਅਭਿਆਸੀ ਜਨ ਕਈ ਵਾਰੀ ਰਜੋ ਗੁਣੀ ਜਾਂ ਤਮੋ ਗੁਣੀ ਸੁਭਾਅ ਵਿਚ ਵਰਤਦੇ ਦੇਖੇ ਜਾਂਦੇ ਹਨ।

ਜਗਤ ਤਮਾਸ਼ਾ ਹੈ। ਅਸੀਂ ਤਾਂ ਉਸਦੇ ਪਾਤਰ ਹਾਂ। ਜਿਵੇਂ ਜਿਵੇਂ ਉਹ ਸਾਨੂੰ ਵਰਤਦਾ ਹੈ ਤਿਵੇਂ ਤਿਵੇਂ ਅਸੀਂ ਕਰਮ ਕਮਾਂਦੇ ਹਾਂ। ਸਹਿਜ ਅਵਸਥਾ ਵਿਚ ਅਪੜ ਕੇ ਹੀ ਚਾਨਣਾ ਹੁੰਦਾ ਹੈ। ਫਿਰ ਤਾਂ ਰਜ਼ਾ ਦੀ ਰਮਜ਼ ਸਮਝ ਆ ਜਾਂਦੀ ਹੈ। ਹੁਕਮ ਦੇ ਆਸਰੇ ਤਤੀ ਤਵੀ ਭੀ ਫੁੱਲਾਂ ਦੀ ਸੇਜਾ ਲਗਦੀ ਹੈ। ਬੰਦ ਬੰਦ ਕਟੀਣ ਭਾਵੇਂ ਆਰੇ ਨਾਲ ਦੁਫਾੜ ਹੋਣ, ਅਟਲ ਰਜ਼ਾ ਦਿਸਦੀ ਹੈ।

-------

## ਮੀਆਂ ਮੀਰ ਤੇ ਗੁਰੂ ਅਰਜਨ ਦੇਵ ਜੀ

(ਵਲੋਂ-ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)

ਮੀਆਂ ਮੀਰ ਫ਼ਕੀਰੁ ਗੁਰ ਸਿਦਕ ਪ੍ਰੇਮੀ,
ਡਿਠਾ ਮੋਅਜਜ਼ਾ ਵਡ ਮੋਅਜਜ਼ੋਲਿਆਂ ਦਾ।
ਹਥ ਜੋੜਿ ਕੇ ਪੁਛਿਆ ਗੁਰਾਂ ਪਾਸੋਂ, ਸੁਖਨ ਗੁਝੜੇ ਰਾਜ਼ ਨਿਆਜ਼ੋਲਿਆਂ ਦਾ।
ਹੇ ! ਗੁਰ,ਪੀਰ,ਵਲੀ ਉਲਿਆਇ ਪੂਰੇ, ਕ੍ਰਿਸ਼ਮ ਕਸ਼ੱਫੀ ਤੂੰ ਅਜ਼ਮਤੋਲਿਆਂ ਦਾ।
ਏਡੇ ਦੁਖ ਤਸੀਹੜੇ ਕਾਹਿ ਝਲੇ, ਗਾਰਤ ਕਰੋ ਇਹ ਰਾਜ ਦੁਸ਼ਟੋਲਿਆਂ ਦਾ।
ਸਰਬ ਕਲਾ ਸਮਰੱਥ ਤੂੰ ਕਲਾਧਾਰੀ, ਵਡੁ ਪਰਤਾਪੁ ਤੇਰੇ ਕਲਾਮੋਲਿਆਂ ਦਾ।੨੨੧।
ਕਲਮੇ ਤੇਰੇ ਦੀ ਕੀ ਬਾਤਿ ਆਖਾਂ, ਬਲੁ ਵਿਡਾਣ ਤਉ ਸਿਖ ਬਚਨੋਲਿਆਂ ਦਾ।
ਅਧਮ ਸਿਖ ਭੀ ਤੇਰੜੇ ਬਚਨ-ਬਲੀਏ, ਮੈਂ ਭੀ ਨਦਰ ਪਾਤ੍ਰ ਜਨਾਬੋਲਿਆਂ ਦਾ।
ਕਰੋ ਹੁਕਮ ਗੁਲਾਮ ਨੂੰ ਇਕ ਵਾਰੀ, ਤਖ਼ਤਾ ਉਲਟ ਦੇਵਾਂ ਜ਼ਾਲਮੋਲਿਆਂ ਦਾ।
ਗੁਰਾਂ ਆਖਿਆ ਹੱਸ ਕੇ ਸਾਈਂ ਲੋਕਾਂ, ਅਸਾਂ ਪਾਲਣਾ ਹੁਕਮ ਧੁਰੋਲਿਆਂ ਦਾ।੨੨੨।
ਭਾਂਡਾ ਭੰਨਣਾ ਸੀਸ ਦਿਲੀਸੀਆਂ ਦੇ, ਭਾਣਾ ਮੰਨਿ ਰਜ਼ਾਇ ਰਜ਼ੋਲਿਆਂ ਦਾ।
ਚੋਲਾ ਛਡਿ ਦੇਣਾ ਹੱਡ ਚੰਮ ਕੇਰਾ, ਆਇਆ ਸੱਦ ਪਿਆਨ ਪੀਓਲਿਆਂ ਦਾ।
ਕਰਾਮਾਤ ਕਹਿਰ ਜ਼ਹਿਰ, ਕੁਫ਼ਰ ਅਜ਼ਮਤ, ਭਾਣਾ ਅਤਿ ਮਿੱਠਾ ਏਜ਼ਦੋਲਿਆਂ ਦਾ।
ਭਾਣੇ ਤੁੱਲ ਦੂਜੀ ਕੋਈ ਦਾਤਿ ਨਾਹੀਂ, ਭਾਣਾ ਅੱਤ ਅਮੁੱਲ ਖਸਮੋਲਿਆਂ ਦਾ।੨੨੩।
ਵੱਡੀ ਲਾਜ ਕੁਲੱਛਣੀ ਹਰਿ ਜਨਾਂ ਨੂੰ , ਹੈ ਕੁਕਾਜ ਨਾਟਕ ਚੇਟਕੋਲਿਆਂ ਦਾ।
ਸਾਨੂੰ ਯਾਰ ਸਾਈਂ ਵਾਲੀ ਕਾਰ ਚੰਗੀ, ਚੰਗਾ ਹੁਕਮ ਕਰਤਾਰ ਦਰੋਲਿਆਂਦਾ।
ਸਚ-ਖੰਡ ਦਰਬਾਰ ਦਰਸਾਰੁ ਚੰਗਾ, ਚੰਗਾ ਰਹਿਣੁ ਨ ਦੂਨ ਦੁਨੀਓਲਿਆਂ ਦਾ।
ਨਿਰੰਕਾਰ ਨਿਕਟਾਰ ਦੀਦਾਰ ਚੰਗਾ, ਚੰਗਾ ਰਾਜ ਨ ਛਤਰ-ਪਤੋਲਿਆਂ ਦਾ।੨੨੪।



www.AKJ.Org

# ਸ੍ਰੀ ਗੁਰੂ ਗ੍ਰੰਥ ਤੇ ਪੰਥ

(ਵਲੋਂ -ਭਾਈ ਸਾਹਿਬ ਜੋਗਿੰਦਰ ਸਿੰਘ ਜੀ ਤਲਵਾੜਾ)

੧. ਸ੍ਰੀ ਗੁਰੂ ਗ੍ਰੰਥ ਸਾਹਿਬ-

"ਗੁਰੂ" ਸ਼ਬਦ ਦਾ ਪ੍ਰਮਾਣੀਕ ਅਰਥ ਹੈ 'ਅੰਧੇਰੇ ਵਿਚ ਪ੍ਰਕਾਸ਼ ਕਰਲ ਵਾਲੀ ਸਤਿਆ'। ਅਧਿਆਤਮ ਮੰਡਲ ਵਿਚ ਮਨੁੱਖ ਨੂੰ 'ਅੰਨ੍ਹੇਰਾ' ਭਰਮ ਅਤੇ -ਅਗਿਆਨਤਾ ਦਾ ਹੈ, ਜਿਸ ਨੂੰ ਦੂਰ ਕਰਨ ਲਈ ਗੁਰੂ ਹੀ ਸਮਰੱਥ ਹੈ ਯਥਾ-

(ੳ) ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ।।
ਏਤੇ ਚਾਨਣ ਹੋਦਿਆਂ, ਗੁਰ ਬਿਨੁ ਘੋਰ ਅੰਧਾਰ।।
(ਆਸਾ ਦੀ ਵਾਰ)

(ਅ) ਗੁਰ ਬਿਨੁ ਘੋਰੁ ਅੰਧਾਰੁ ਗੁਰੂ ਬਿਨੁ ਸਮਝ ਨ ਆਵੈ।।
ਗੁਰ ਬਿਨੁ ਸੁਰਤਿ ਨ ਸਿਧਿ, ਗੁਰੂ ਬਿਨੁ ਮੁਕਤਿ ਨ ਪਾਵੈ।।
(ਪੰਨਾ ੧੩੯੯)

(ੲ) ਪੂਰੇ ਗੁਰਿ ਮੇਟਿਓ ਭਰਮੁ ਅੰਧੇਰਾ।। (ਪੰਨਾ੬੧੫)

(ਸ) ਭਰਮ ਕੇ ਪਰਦੇ ਸਤਿਗੁਰ ਖੋਲੇ।। (ਪੰਨਾ੩੮੫)

੧.੧.ਗੁਰੂਆਂ-ਗੁਰੂ ਅਕਾਲ ਪੁਰਖ ਵਾਹਿਗੁਰੂ ਆਪ ਹੈ। ਸਿਖ ਧਰਮ ਵਿਚ "ਗੁਰੂ-ਪ੍ਰਣਾਲੀ" ਦਾ ਅਰੰਭ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਹੋਇਆ ਤੇ ਹਜ਼ੂਰ ਨੂੰ ਗੁਰੂ-ਪਦਵੀ ਪਾਰਬ੍ਰਹਮ ਪਰਮੇਸ਼ਰ ਜੀ ਤੋਂ ਮਿਲੀ, ਜਿਸ ਦੀ ਗਵਾਹੀ ਜਨਮਸਾਖੀ ਵਿਚੋਂ ਇਨ੍ਹਾਂ ਸ਼ਬਦਾਂ ਰਾਹੀਂ ਮਿਲਦੀ ਹੈ :-

*"ਮੇਰਾ ਨਾਉ ਪਾਰਬ੍ਰਹਮ ਪਰਮੇਸਰ*
*ਅਰ ਤੇਰਾ ਨਾਉ ਗੁਰ ਪਰਮੇਸ਼ਰ।"*

ਗੁਰਬਾਣੀ ਵਿਚ ਭੱਟ ਇਸ ਨੂੰ ਇਉਂ ਬਿਆਨ ਕਰਦੇ ਹਨ-

ਆਪਿ ਨਰਾਇਣੁ ਕਲਾ ਧਾਰਿ, ਜਗ ਮਹਿ ਪਰਵਰਿਯਉ।।
(੧੩੯੫)

ਇਸ ਸੰਬੰਧੀ ਹਜ਼ੂਰ ਦਾ ਆਪਣਾ ਬਚਨ ਗੁਰਬਾਣੀ ਵਿਚ ਇਉਂ ਹੈ-

ਅਪਰੰਪਰ ਪਾਰਬ੍ਰਹਮੁ ਪਰਮੇਸ਼ਰੁ,
ਨਾਨਕ ਗੁਰੁ ਮਿਲਿਆ ਸੋਈ ਜੀਉ।।
(ਸੋਰਠਿ ਮ: ੧, ਪੰਨਾ ੫੯੯)

ਭਾਈ ਗੁਰਦਾਸ ਜੀ ਵੀ "ਜਗਤ ਗੁਰੂ ਗੁਰ ਨਾਨਕ ਦੇਓ" ਦੀ ਸਾਖ ਭਰਦੇ ਹਨ।

੧.੨-ਗੁਰੂ ਅੰਤਰ-ਆਤਮੇ ਅਕਾਲ ਪੁਰਖ ਨਾਲ ਅਭੇਦ ਹੈ ਤੇ ਇਸ ਲਈ ਗੁਰਬਾਣੀ ਦਾ ਫੁਰਮਾਨ ਹੈ-

(ੳ) ਨਾਨਕ ਸੋਧੇ ਸਿੰਮ੍ਰਿਤਿ ਬੇਦ।।
ਪਾਰਬ੍ਰਹਮ ਗੁਰ ਨਾਹੀ ਭੇਦ।।
(ਭੈਰਉ ਮਹਲਾ ੫ ਪੰਨਾ, ੧੧੪੨)

(ਅ) ਰਾਮ, ਹਮ ਸਤਿਗੁਰ ਪਾਰਬ੍ਰਹਮ ਕਰਿ ਮਾਨੇ।।
(ਗਉੜੀ ਪੂਰਬੀ ਮਹਲਾ ੪, ਪੰਨਾ ੧੬੯)

(ੲ) ਸਤਿਗੁਰੁ ਦੇਉ ਪਰਤਖਿ ਹਰਿ ਮੂਰਤਿ,
ਜੋ ਅੰਮ੍ਰਿਤ ਬਚਨ ਸੁਣਾਵੈ।।
(ਮਲਾਰ ਮਹਲਾ ੪, ਪੰਨਾ ੧੨੬੪)

(ਸ) ਸਤਿਗੁਰੁ ਪਰਮੇਸਰੁ ਮੇਰਾ।।
ਅਨਿਕ ਰਾਜ ਭੋਗ ਰਸ ਮਾਣੀ,
ਨਾਉ ਜਪੀ ਭਰਵਾਸਾ ਤੇਰਾ।।
(ਰਾਮਕਲੀ ਮਹਲਾ ੫,ਪੰਨਾ ੮੮੪)

ਅਕਾਲ ਪੁਰਖ ਦੀ ਚਲਾਈ ਇਹ "ਗੁਰ-ਪ੍ਰਣਾਲੀ" ਸਦੀਵੀ ਹੈ। "ਗੁਰੂ" ਸਰਬ-ਕਾਲ ਅਬਿਨਾਸੀ ਹੈ। ਗੁਰਵਾਕ-

ਸਤਿਗੁਰੁ ਮੇਰਾ ਸਦਾ ਸਦਾ, ਨਾ ਆਵੈ ਨ ਜਾਇ।।
ਓਹੁ ਅਬਿਨਾਸੀ ਪੁਰਖੁ ਹੈ, ਸਭ ਮਹਿ ਰਹਿਆ ਸਮਾਇ।।
(ਸੂਹੀ ਮ: ੪, ਪੰਨਾ ੭੫੯)

ਸਿੱਧਾਂ ਦੇ ਸਵਾਲ ਦੇ ਉਤਰ ਵਿਚ "ਗੁਰੂ" ਦੀ ਵਿਆਖਿਆ ਕਰਦਿਆਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਫੁਰਮਾਇਆ-

ਸਬਦੁ ਗੁਰੂ ਸੁਰਤਿ ਧੁਨਿ ਚੇਲਾ।।
(ਸਿਧ ਗੋਸਟਿ ਮਹਲਾ ੧)

"ਸ਼ਬਦ-ਗੁਰੂ" ਦੇ ਸਿਧਾਂਤ ਬਾਰੇ ਗੁਰਬਾਣੀ ਵਿਚੋਂ ਤੇ ਭਾਈ ਗੁਰਦਾਸ ਜੀ ਦੀ ਬਾਣੀ ਵਿਚੋਂ ਬੇਅੰਤ ਉਦਾਹਰਣਾਂ ਮਿਲਦੀਆਂ ਹਨ-

(ੳ) ਸਬਦੁ ਗੁਰ ਪੀਰਾ ਗਹਿਰ ਗੰਭੀਰਾ,
ਬਿਨੁ ਸਬਦੈ ਜਗੁ ਬਉਰਾਨੰ।।
(ਸੋਰਠ ਮਹਲਾ ੧, ਪੰਨਾ ੬੩੫)

(ਅ) ਬਾਣੀ ਗੁਰੂ, ਗੁਰੂ ਹੈ ਬਾਣੀ,
ਵਿਚਿ ਬਾਣੀ ਅੰਮ੍ਰਿਤ ਸਾਰੇ।।
(ਨਟ ਮਹਲਾ ੪, ਪੰਨਾ ੯੮੨)



www.AKJ.Org

(ੲ) ਸਬਦੁ ਗੁਰੂ ਗੁਰ ਜਾਣੀਐ,
ਗੁਰਮੁਖਿ ਹੋਇ ਸੁਰਤਿ ਧੁਨਿ ਚੇਲਾ।।
(ਭਾਈ ਗੁਰਦਾਸ ਜੀ)

(ਸ) ਗੁਰ ਮੂਰਤਿ ਗੁਰ ਸਬਦ ਹੈ,
ਸਾਧ ਸੰਗਤਿ ਵਿਚ ਪ੍ਰਗਟੀ ਆਇਆ।।
(ਭਾਈ ਗੁਰਦਾਸ ਜੀ)

ਗੁਰੂ ਦੀ "ਸਬਦਿ-ਜੋਤਿ" ਅਮਰ ਹੈ ਤੇ ਇਕ-ਰਸ ਹੈ। ਇਸ ਵਿਚ ਕੋਈ ਤਬਦੀਲੀ ਨਹੀਂ ਵਾਪਰਦੀ। ਇਸ ਸਿਧਾਂਤ ਨੂੰ ਦ੍ਰਿੜ ਕਰਾਉਣ ਲਈ ਹੀ ਗੁਰੂ ਪਾਤਸ਼ਾਹ ਨੇ ਦਸ ਜਾਮੇ ਬਦਲੇ, ਤਾਂ ਜੁ ਗੁਰਸਿਖਾਂ ਨੂੰ ਗੁਰੂ ਦੇ "ਜੋਤਿ-ਰੂਪ ਹੋਣ ਦੀ ਦ੍ਰਿੜਤਾ ਆ ਸਕੇ ਅਤੇ ਗੁਰੂ ਦੇ ਸਰੀਰਕ ਜਾਮਿਆਂ ਬਾਰੇ ਠੀਕ ਤੇ ਯਥਾਰਥ ਗਿਆਨ ਹੋ ਸਕੇ ਕਿ ਭਾਵੇਂ ਗੁਰੂ ਦੇ ਸਰੀਰਕ ਜਾਮਿਆਂ ਦਵਾਰਾ "ਗੁਰੂ-ਜੋਤਿ" ਦੇ ਕਈ ਕਲਾ-ਕ੍ਰਿਸ਼ਮਾਇਣੀ ਚੋਜ ਤੇ ਚਮਤਕਾਰ ਵਰਤੇ ,ਜਿਨ੍ਹਾਂ ਦੁਆਰਾ ਅਨੇਕਾਂ ਜੀਵ ਵਿਸਮਾਦਤ ਹੋਏ ਪਰ ਗੁਰੂ ਦੇ ਸਰੀਰਕ ਜਾਮੇ ਗੁਰੂ ਜੋਤਿ ਦੇ ਪ੍ਰਗਟਾਅ ਅਤੇ ਗੁਰੂ-ਜੁਗਤਿ (ਮਰਯਾਦਾ) ਵਰਤਾਉਣ ਦਾ ਮਾਧਿਅਮ ਹੀ ਸਨ। ਸਮੇਂ ਸਮੇਂ ਗੁਰੂ ਦੇ ਸਰੀਰਕ ਜਾਮਿਆਂ ਵਿਚ ਭਾਵੇਂ ਤਬਦੀਲੀ ਵਾਪਰਦੀ ਰਹੀ, ਪਰ "ਗੁਰੂ-ਜੋਤਿ" ਅਤੇ "ਗੁਰੂ-ਜੁਗਤਿ" (ਨਾਮ-ਅੰਮ੍ਰਿਤ ਸਿੰਚਾਰਣ ਦੀ ਜੁਗਤੀ) ਸਦਾ ਇਕਸਾਰ ਹੀ ਰਹੀ। ਗੁਰੂ ਕੇ ਢਾਢੀ ਭਾਈ ਸਤਾ ਤੇ ਬਲਵੰਡ ਆਪਣੀ ਵਾਰ ਵਿਚ ਇਸ ਗੱਲ ਦੀ ਗਵਾਹੀ ਭਰਦੇ ਹਨ-

'ਜੋਤਿ ਓਹਾ, ਜੁਗਤਿ ਸਾਇ,
ਸਹਿ ਕਾਇਆ ਫੇਰਿ ਪਲਟੀਐ।। ' (ਪੰਨਾ ੯੬੬)

ਗੁਰੂ-ਜੋਤਿ ਵਖ ਵਖ ਜਾਮਿਆਂ ਰਾਹੀਂ "ਦੀਪਕ ਤੇ ਦੀਪਕ ਪ੍ਰਗਸਿਆ" ਵਾਲੀ ਕਲਾ ਵਰਤਾਉਂਦੀ ਚਲੀ ਆ ਰਹੀ ਸੀ। ਅਨਜਾਣ ਜਗਿਆਸੂਆਂ ਨੂੰ ਗੁਰੂ ਸ੍ਰੀਰਕ ਜਾਮਿਆਂ ਵਿਚ ਤਬਦੀਲੀ ਦੇ ਪੇਸ਼-ਨਜ਼ਰ ਕੁਝ ਟਪਲਾ ਲਗ ਰਿਹਾ ਸੀ। ਇਸ ਟਪਲੇ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਨੁਭਵ ਕੀਤਾ ਤੇ ਸਦਾ ਲਈ ਇਹ ਟਪਲਾ ਦੂਰ ਕਰਨ ਲਈ ਫੁਰਮਾਇਆ-

ਭਿੰਨ ਭਿੰਨ ਸਬਹੂੰ ਕਰ ਜਾਨਾ।।
ਏਕ ਰੂਪ ਕਿਨਹੂੰ ਪਹਿਚਾਨਾ।।
ਜਿਨ ਜਾਨਾ ਤਿਨਹੀ ਸਿਧਿ ਪਾਈ।।
ਬਿਨ ਸਮਝੇ ਸਿਧਿ ਹਾਥਿ ਨ ਆਈ।।
(ਬਚਿਤ੍ਰ ਨਾਟਕ)

ਦਸ ਜਾਮੇ ਬਦਲਣ ਉਪਰੰਤ-ਦਸਮ-ਗੁਰੂ ਨਾਨਕ, ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੇ "ਗੁਰੂ-ਜੋਤਿ" ਨੂੰ ਪ੍ਰਥਮ ਮਰਯਾਦਾ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹਲੂਲ ਕਰ ਦਿਤਾ ਅਤੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਗੁਰੂ-ਗੱਦੀ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਬਖ਼ਸ਼ੀ, ਜਿਸ ਦੀ ਗਵਾਹੀ ਸਿਖ ਇਤਿਹਾਸਕਾਰਾਂ ਤੋਂ ਛੁਟ ਅਨਮਤਾਂ ਦੇ ਇਤਿਹਾਸਕਾਰ ਵੀ ਭਰਦੇ ਹਨ।

ਇਸ ਤਰ੍ਹਾਂ" ਗੁਰੂ-ਪ੍ਰਣਾਲੀ" ਵਿਚ, ਗੁਰ-ਸ਼ਬਦ ਦੇ ਭੰਡਾਰ, ਬਾਣੀ ਦੇ ਬੋਹਿਥਾ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਜੁਗੋ ਜੁਗ ਅਟੱਲ ਸੱਚੇ ਗੁਰਦੇਵ ਹਨ।

ਸਵਾਲ ਪੈਦਾ ਹੁੰਦਾ ਹੈ ਕਿ ਸੱਚੇ ਗੁਰਦੇਵ, ਸਾਹਿਬ ਸ੍ਰੀ ਗੁਰੂ ਗ੍ਰੰਥ ਜੀ ਦੇ ਹੁੰਦਿਆ ਅਜ ਏਨੇ ਅਖੌਤੀ ਤੇ ਡਿੰਭੀ ਗੁਰੂ ਕਿਉਂ ਪੈਦਾ ਹੋ ਗਏ ਹਨ। ਇਸ ਦਾ ਕਾਰਨ ਇਹੀ ਜਾਪਦਾ ਹੈ ਕਿ ਅਸੀਂ ਗੁਰੂ ਪਾਤਸ਼ਾਹ ਦੇ ਨਾਮ-ਲੇਵਾ ਅਨਗਹਿਲੀ ਤੇ ਖ਼ੁਦਗਰਜ਼ੀ ਦੀ ਨੀਂਦਰੇ ਸੌਂ ਗਏ ਹਾਂ। ਸੰਸਾਰ ਦੇ ਮੱਨੁਖਾਂ ਦੀ ਵੱਡੀ ਗਿਣਤੀ ਮਾਦੀ ਸੁਖਾਂ ਦੇ ਛਿਨ-ਭੰਗਰੀ ਸੁਆਦ ਦੀ ਅਸਲੀਅਤ ਤੋਂ ਜਾਣੂ ਹੋ ਕੇ ਇਸ ਸਿਧਾਂਤ ਤੇ ਕਾਇਲ ਹੋ ਗਈ ਹੈ ਕਿ ਸਦੀਵੀ ਸੁਖ ਤੇ ਸ਼ਾਂਤੀ ਪ੍ਰਾਪਤ ਕਰਨ ਲਈ 'ਗੁਰੂ' ਦੀ ਅਵਸ਼ ਲੋੜ ਹੈ। ਸੰਸਾਰ ਇਸ ਮੰਤਵ ਦੀ ਪੂਰਤੀ ਲਈ ਗੁਰੂ ਦੀ ਭਾਲ ਵਿਚ ਹੈ, ਪਰ ਅਸੀਂ, ਜਿਨ੍ਹਾਂ ਨੂੰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਗੇ, ਜੁਗੋ ਜੁਗ ਅਟਲ ਸਚੇ ਗੁਰਦੇਵ ਵਿਰਸੇ ਵਿਚ ਪ੍ਰਾਪਤ ਹੋਏ ਹਨ, ਉਹ ਸ੍ਰੀ ਗੁਰੂ ਗ੍ਰੰਥ ਦੇ ਚਰਨ ਦੀ ਤੁਫ਼ੈਲ ਮਾਣ ਤਾਣ ਤੇ ਐਸ਼ਵਰਜ ਸਭ ਕੁਝ ਪ੍ਰਾਪਤ ਕਰੀ ਬੈਠੇ ਹਾਂ, ਪਰ ਇਸ ਦੇ ਬਾਵਜੂਦ ਹਜ਼ੂਰ ਦੇ ਗੁਰੂ ਪੱਖ ਸਬੰਧੀ ਦ੍ਰਿੜਤਾ ਤੋਂ ਵਿਰਵੇ ਹੀ ਹਾਂ। ਖਿਮਾ ਕਰਨਾ, ਅਸੀਂ ਟਪਲੇ ਵਿਚ ਪਰਵਿਰਤ ਜਾਪਦੇ ਹਾਂ ਕਿ ਕੀ ਗ੍ਰੰਥ ਵਾਕਿਆ ਹੀ ਗੁਰੂ ਹੋ ਸਕਦਾ ਹੈ। ਜੇ ਟਪਲੇ ਵਿਚ ਨਹੀਂ ਤਾਂ ਅਸੀਂ ਇਹ ਦੇਖ ਕੇ ਕਿਵੇਂ ਸਹਾਰ ਰਹੇ ਹਾਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸ਼ੁਧ ਅਸ਼ੁਧ ਰੂਪ ਵਿਚ ਛਾਪ ਕੇ ਬੇਅਦਬ ਢੰਗ ਨਾਲ ਬਜ਼ਾਰਾਂ ਵਿਚ ਵੇਚਿਆ ਜਾ ਰਿਹਾ ਹੈ।

ਖ਼ਾਲਸਾ ਜੀ, ਜਦੋਂ ਸਾਨੂੰ ਅਖੌਤੀ ਨਾਮ-ਲੇਵਿਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ 'ਗੁਰੂ ਪੱਖ' ਦ੍ਰਿੜ ਹੋ ਗਿਆ, ਯਕੀਨ ਜਾਣੋ, ਸਾਡਾ ਆਪਾ ਜਗਮਗਾ ਉਠੇਗਾ ਤੇ ਸੰਸਾਰ ਵਿਚੋਂ ਭਰਮ ਅੰਨ੍ਹੇਰੇ ਦੀ ਸਫ਼ਾ ਵਲੇ

ਟੀ ਜਾਵੇਗੀ। ਫਿਰ ਸੰਸਾਰ, ਜੋ ਅੱਖਾਂ ਟੱਡ ਟੱਡ ਕੇ ਗੁਰੂ ਕੀ ਭਾਲ ਵਿਚ ਵਿਚਰ ਰਿਹਾ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਚਰਨੀਂ ਆ ਲਗੇਗਾ ਤੇ ਅਖੌਤੀ ਗੁਰੂ ਸਾਰੇ ਹੀ ਟਿੰਡ ਫੌੜੀ ਵਲ੍ਹੇਟ ਕੇ ਪਤਰਾ ਵਾਚ ਜਾਣਗੇ। ਸੋ ਲੋੜ ਹੈ ਸਾਡੀ ਗੁਰੂ ਨਾਲ ਇਕ-ਸੁਰ ਹੋਣ ਦੀ।

੨. ਗੁਰੂ ਪੰਥ-

ਚੂੰਕਿ "ਇਕ-ਪੁਰਖਾ" ਗੁਰੂ ਦੀ ਪ੍ਰਥਾ ਸਮਾਪਤ ਕਰ ਦਿਤੀ ਗਈ ਅਤੇ ਗੁਰਤਾ ਦਾ ਟਿੱਕਾ ਸ਼ਬਦ-ਬ੍ਰਹਮ, ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਦਿਤਾ ਗਿਆ, ਗੁਰੂ-ਸ਼ਬਦ ਦੇ ਪਰਸਾਰ ਲਈ, ਰਹਿਤਵਾਨ, ਤਿਆਰ-ਬਰ-ਤਿਆਰ, ਗੁਰੂ-ਜੋਤਿ ਨਾਲ ਇਕ-ਸੁਰ ਹੋਏ ਪੰਜ ਪਿਆਰਿਆਂ ਅਤੇ ਅਜਿਹੇ ਪੰਜਾਂ ਦੇ ਪੁੰਜ, ਸਰਬੱਤ ਖਾਲਸਾ ਜੀ ਨੂੰ, ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਵਿਚ (ਬਾਣੀ ਗੁਰੂ ਵਿਚ ਨਿਰੂਪਣ ਕੀਤੇ ਸਿਧਾਂਤਾ ਦੀ ਰੌਸ਼ਨੀ ਵਿਚ) ਜੁਗਤਿ ਵਰਤਾਉਣ ਦਾ ਅਧਿਕਾਰ ਦਿਤਾ ਗਿਆ। ਪ੍ਰਥਮ ਕਾਲ ਵਿਚ ਜਿਵੇਂ ਗੁਰੂ-ਜੋਤਿ, ਗੁਰੂ ਦੇ ਸਰੀਰਕ ਜਾਮਿਆਂ ਦੁਆਰਾ ਪ੍ਰਤੀਬਿੰਬਤ ਹੁੰਦੀ ਰਹੀ, ਹੁਣ ਉਹ "ਗੁਰੂ-ਜੋਤਿ" ਉਸੇ ਤਰ੍ਹਾਂ ਹੀ ਪੰਥ ਰਾਹੀਂ ਪ੍ਰਕਾਸ਼ਦੀ ਹੈ ਤੇ ਏਵੇਂ ਹੀ ਸਦੀਵਕਾਲ ਪ੍ਰਕਾਸ਼ਦੀ ਰਹੇਗੀ।

'ਗੁਰੂ-ਜਾਮੇ' ਬਦਲਦੇ ਰਹੇ, ਪਰ "ਗੁਰੂ -ਜੋਤਿ" ਤੇ ਗੁਰੂ-ਜੁਗਤਿ' (ਨਾਮ-ਅੰਮ੍ਰਿਤ ਸਿੰਚਾਰਣਦੀ ਜੁਗਤੀ) ਇਕਸਾਰ ਰਹੀ। ਏਵੇਂ ਹੀ ਪੰਥ ਦੇ ਵਖ ਵਖ ਵਿਅੱਕਤੀਆਂ ਵਿਚ ਭਾਵੇਂ ਤਬਦੀਲੀ ਆਉਂਦੀ ਰਹੇਗੀ, ਪਰ ਗੁਰੂ-ਸ਼ਬਦ' ਤੇ 'ਗੁਰੂ-ਜੁਗਤਿ' ਅਟੱਲ ਰਹਿਣਗੇ।

੩. ਪੰਥ ਕੀ ਹੈ-

ਪੰਥ ਨਾਂ ਹੈ ਰਸਤੇ ਦਾ। ਗੁਰਬਾਣੀ ਦੁਆਰਾ ਜੋ ਜੀਵਨ ਦਾ ਰਾਹ ਉਲੀਕਿਆ ਗਿਆ ਹੈ ਉਸਦੇ ਧਾਰਨੀਆਂ ਦੇ ਸਮੂਹ ਨੂੰ ਸਿਖ ਧਰਮ ਦੀ ਪ੍ਰੀਭਾਸ਼ਾ ਵਿਚ 'ਪੰਥ' ਕਿਹਾ ਜਾਂਦਾ ਹੈ। ਗੁਰਮਤਿ ਅਨੁਸਾਰ "ਪਰਮਾਰਥ ਜੀਵਨ" ਦਾ ਮੁਢਲਾ ਅਸੂਲ ਹੈ ਗੁਰੂ ਧਾਰਨ ਕਰਨਾ, ਤੇ ਫਿਰ ਗੁਰੂ ਦੇ ਦਸੇ ਹੋਇ ਰਾਹ ਤੇ ਤੁਰਨਾ। ਯਥਾ-

ਸਤਿਗੁਰੂ ਫੁਰਮਾਇਆ ਕਾਰੀ ਏਹ ਕਰੇਹੁ।।
ਗੁਰੂ ਦੁਆਰੈ ਹੋਇ ਕੈ ਸਾਹਿਬੁ ਸੰਮਾਲੇਹੁ।।

(ਬਿਹਾਗੜੇ ਕੀ ਵਾਰ, ਮ: ੩,ਪੰਨਾ ੫੫੪)

ਜਿੰਨੀ ਦੇਰ ਤਕ ਕੋਈ ਗੁਰੂ ਧਾਰਨ ਕਰਨ ਦੇ ਮੁਢਲੇ ਬੁਨਿਆਦੀ ਅਸੂਲ ਦਾ ਧਾਰਨੀ ਨਹੀਂ ਹੁੰਦਾ ਉਨੀ ਦੇਰ ਤਕ ਉਸ ਤੋਂ ਉਹ ਆਸ ਰਖਣੀ ਕਿ ਉਹ ਗੁਰੂ ਦੇ ਦਸੇ ਉਪਦੇਸ਼ਾਂ ਨੂੰ ਜੀਵਨ ਪ੍ਰਯੰਤ ਨਿਭਾਉਣ ਲਈ ਤਤਪਰ ਰਹੇਗਾ, ਨਿਰਮੂਲ ਹੈ। ਨਿਸਚਿਤ ਮਰਯਾਦਾ ਅਨੁਸਾਰ ਗੁਰੂ ਧਾਰਨ ਕੀਤੇ ਬਗ਼ੈਰ, ਮਨੁੱਖ ਨੂੰ ਗੁਰਬਾਣੀ ਵਿਚ ਨਿਗੁਰਾ ਕਿਹਾ ਗਿਆ ਹੈ ਅਤੇ ਇਹ ਵੀ ਫ਼ਤਵਾ ਦਿਤਾ ਗਿਆ ਹੈ ਕਿ ਨਿਗੁਰੇ ਦਾ ਨਾ ਹੀ ਮਨਹੂਸ ਹੈ। ਯਥਾ ਗੁਰਵਾਕ-

(ੳ) **ਝਝਾ ਕਦੇ ਨ ਝੂਰਹਿ ਮੂੜੇ,**
**ਸਤਿਗੁਰ ਕਾ ਉਪਦੇਸੁ ਸੁਣਿ ਤੂੰ ਵਿਖਾ।।**
**ਸਤਿਗੁਰ ਬਾਝਹੁ ਗੁਰੁ ਨਹੀ ਕੋਈ,**
**ਨਿਗੁਰੇ ਕਾ ਹੈ ਨਾਉ ਬੁਰਾ।।੧੩।।**

(ਆਸਾ ਮ: ੩ ਪਟੀ,ਪੰਨਾ ੪੩੫)

(ਅ) **ਗੁਰਮੰਤ੍ਰ ਹੀਣਸ੍ਯ ਜੋ ਪ੍ਰਾਣੀ,**
**ਧ੍ਰਿਗੰਤ ਜਨਮ ਭ੍ਰਸਟਣਹ।।**
**ਕੂਕਰਹ ਸੂਕਰਹ ਗਰਧਭਹ ਕਾਕਹ**
**ਸਰਪਨਹ ਤੁਲਿ ਖਲਹ।।੩੩।।**

(ਸਲੋਕ ਸਹਸਕ੍ਰਿਤੀ ਮ: ੫,ਪੰਨਾ ੧੩੫੫)

ਸਿਖ ਧਰਮ ਦੀ ਮਰਯਾਦਾ ਅਨੁਸਾਰ ਗੁਰੂ ਧਾਰਨ ਲਈ, ਗੁਰੂ ਤੋਂ ਪਾਹੁਲ ਲੈਣੀ ਜ਼ਰੂਰੀ ਹੈ। ਗੁਰਬਾਣੀ ਦਾ ਫ਼ੁਰਮਾਨ ਹੈ:-

**ਜਿਸੁ ਜਲਨਿਧਿ ਕਾਰਣਿ ਤੁਮ ਜਗਿ ਆਏ**
**ਸੋ ਅੰਮ੍ਰਿਤ ਗੁਰ ਪਾਹੀ ਜੀਉ।।**
**ਛੋਡਹੁ ਵੇਸੁ ਭੇਖ ਚਤੁਰਾਈ**
**ਦੁਬਿਧਾ ਇਹੁ ਫਲੁ ਨਾਹੀ ਜੀਉ।।**

ਰਹਿਤਨਾਮੇ ਦਾ ਵੀ ਫ਼ੁਰਮਾਨ ਹੈ-

**ਧਰੇ ਕੇਸ ਪਾਹੁਲ ਬਿਨਾ, ਭੇਖੀ ਮੂਰਖ ਸਿਖ।।**

ਪਰਚਲਤ ਮਰਯਾਦਾ ਅਨੁਸਾਰ ਪਾਹੁਲ ਦੀ ਪ੍ਰਾਪਤੀ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਪੰਜ ਪਿਆਰਿਆਂ ਦੀ ਰਾਹੀਂ ਹੁੰਦੀ ਹੈ ਅਤੇ ਨਾਮ ਗੁਰਮੰਤਰ ਦੀ ਪ੍ਰਾਪਤੀ ਕੀਤੇ ਮਗਰੋਂ ਹੀ ਕੋਈ ਗੁਰੂ ਵਾਲਾ ਅਖਵਾ ਸਕਦਾ ਹੈ। ਅੱਜ ਕਲ੍ਹ ਦੇ ਢੁੱਚਰ-ਪੰਥੀਏ ਮਨੁੱਖ ਇਹ ਆਖਦੇ ਹਨ ਕਿ ਅੰਮ੍ਰਿਤ ਛਕਣ ਦੀ ਕੀ ਲੋੜ ਹੈ, ਅਮਲ ਚੰਗੇ ਹੋਣੇ ਚਾਹੀਦੇ ਹਨ। ਚੰਗੇ ਕਰਮਾਂ ਦਾ ਨਿਰਣਾ ਵੀ ਅਜਿਹੇ ਮਨੁੱਖਾਂ ਦਾ ਆਪਣਾ ਹੀ ਹੁੰਦਾ ਹੈ, ਅਤੇ ਉਹਨਾਂ ਦਾ ਹਰੇਕ ਨਿਜੀ ਅਨੁਮਾਨਿਆ ਹੋਇਆ ਚੰਗਾ ਕਰਮ ਹਉਮੈ ਤੇ ਨਿਜ-ਸਵਾਰਥ ਦੇ ਗਿਰਦ ਹੀ ਭੌਂਦਾ ਹੈ। ਉਹ ਪੁੰਨ,


www.AKJ.Org

ਦਾਨ, ਸੰਜਮ ਤੇ ਲੋਕ-ਸੇਵਾ ਆਦਿ ਅਨੇਕ ਕਰਮ ਕਰਦੇ ਹਨ, ਪਰ ਹਉ-ਗ੍ਰਸੀ ਬਿਰਤੀ ਵਿਚ। ਨਤੀਜਾ ਇਹ ਹੁੰਦਾ ਹੈ ਕਿ ਜੀਵਨ ਦਾ ਸੰਵਰਦਾ ਕੁਝ ਵੀ ਨਹੀਂ, ਸਗੋਂ ਅਜਾਈਂ ਹੀ ਹਉਮੈ ਵਿਚ ਆਫਰੇ ਫਿਰਦੇ ਹਨ ਅਤੇ ਮਕੜੀ ਵਾਂਗ ਆਪਣੇ ਗਿਰਦ ਆਪ ਹੀ ਜਾਲਾ ਤਣ ਕੇ ਵਿਚ ਕੈਦ ਹੋ ਜਾਂਦੇ ਹਨ। ਮਿਸਾਲ ਵਜੋਂ ਜੋ ਕੋਈ ਮਨੁੱਖ ਮਿਠ-ਬੋਲੜਾ ਵੀ ਹੈ, ਸਮਾਜ -ਸੇਵਾ ਵੀ ਕਰਦਾ ਹੈ, ਪੁੰਨ ਦਾਨ ਵੀ ਕਰਦਾ ਹੈ, ਪਰ ਕੁਚੇਸਟਾ ਤੇ ਕੁਰੱਸਾਂ ਵਿਚ ਉਲਝਿਆ ਹੋਇਆ ਹੈ ਜਾਂ ਬਦਚਲਨ ਹੈ ਤਾਂ ਉਸ ਨੂੰ ਸਰੇਸ਼ਟ ਪੁਰਸ਼ ਕਿਵੇਂ ਕਿਹਾ ਜਾ ਸਕਦਾ ਹੈ ? ਮਨ ਦੀ ਮਤਿ ਪਿਛੇ ਤੁਰਨ ਵਾਲੇ ਆਪ-ਹੁਦਰੇ ਮਨਮੁਖਾਂ ਨੂੰ ਗੁਰਬਾਣੀ ਵਿਚ ਦੁਹਾਗਣਿ ਇਸਤਰੀ ਨਾਲ ਤੁਲਨਾ ਦਿਤੀ ਗਈ ਹੈ :-

ਸੂਹੇ ਵੇਸਿ ਕਾਮਣਿ ਕੁਲਖਣੀ
ਜੋ ਪ੍ਰਭ ਛੋਡਿ ਪਰ ਪੁਰਖ ਧਰੇ ਪਿਆਰੁ॥
ਓਸ ਸੀਲੁ ਨ ਸੰਜਮੁ, ਸਦਾ ਝੂਠੁ ਬੋਲੈ
ਮਨਮੁਖਿ ਕਰਮ ਖੁਆਰੁ॥
ਜਿਸੁ ਪੂਰਬਿ ਹੋਵੈ ਲਿਖਿਆ
ਤਿਸੁ ਸਤਿਗੁਰੁ ਮਿਲੈ ਭਤਾਰੁ॥
ਸੂਹਾ ਵੇਸੁ ਸਭੁ ਉਤਾਰਿ ਧਰੇ
ਗਲਿ ਪਹਿਰੈ ਖਿਮਾ ਸੀਗਾਰੁ॥

(ਸਲੋਕ ਮ: ੩, ਵਾਰ ਸੂਹੀ)

ਸਤਿਗੁਰੂ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਪਿਛੋਂ ਹੀ ਬੁਧਿ ਬਦਲਦੀ ਹੈ। ਬੁਧਿ ਪਲਟਣ ਨਾਲ ਹੀ ਚੰਗੇ ਮਾੜੇ ਦੀ ਸੋਝੀ ਆਉਂਦੀ ਹੈ। ਗੁਰਵਾਕ-

ਭਾਂਡਾ ਅਤਿ ਮਲੀਣੁ ਧੋਤਾ ਹਛਾ ਨ ਹੋਇਸੀ॥
ਗੁਰੂ ਦੁਆਰੈ ਹੋਇ ਸੋਝੀ ਪਾਇਸੀ॥
ਏਤੁ ਦੁਆਰੈ ਧੋਇ ਹਛਾ ਹੋਇਸੀ॥
ਮੈਲੇ ਹਛੇ ਕਾ ਵੀਚਾਰੁ ਆਪਿ ਵਰਤਾਇਸੀ॥

(ਸੂਹੀ ਮ: ੧,ਪੰਨਾ ੭੩੦)

"ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ" ਦੀ ਨਵੀਂ ਘਾੜਤ ਗੁਰੂ ਤੋਂ ਅੰਮ੍ਰਿਤ-ਦਾਤ ਪ੍ਰਾਪਤ ਕਰਨ ਪਿਛੋਂ ਹੀ ਘੜੀ ਜਾਣੀ ਹੈ।

ਮਨੋ-ਕਲਪਤ ਤੇ ਅਖੌਤੀ ਚੰਗੇ ਕਰਮਾਂ ਦੇ ਮੁਦਈ ਮਨੁੱਖ ਦੇ, ਜਿਹੜਾ ਗੁਰੂ ਧਾਰਨ ਤੋਂ ਸੰਕੋਚ ਕਰਦਾ ਹੈ ਜਾ ਇਸ ਸਿਧਾਂਤ ਦਾ ਕਾਇਲ ਨਹੀਂ, ਸਭ ਕਰਮ ਮਨਮੁਖੀ ਕਰਮ ਹਨ ਤੇ ਨਿਸਫਲ ਹਨ। ਗੁਰਬਾਣੀ ਦਾ ਫੁਰਮਾਨ ਹੈ-

(ੳ) ਮਨਮੁਖ ਭਗਤਿ ਕਰਹਿ ਬਿਨੁ ਸਤਿਗੁਰ,
ਵਿਣੁ ਸਤਿਗੁਰ ਭਗਤਿ ਨ ਹੋਈ ਰਾਮ॥
ਹਉਮੈ ਮਾਇਆ ਰੋਗਿ ਵਿਆਪੇ,
ਮਰਿ ਜਨਮਹਿ ਦੁਖੁ ਹੋਈ ਰਾਮ॥

(ਸੂਹੀ ਮਹਲਾ ੩,ਪੰਨਾ ੭੬੯)

(ਅ) ਜਗਿ ਹਉਮੈ ਮੈਲੁ ਦੁਖੁ ਪਾਇਆ,
ਮਲੁ ਲਾਗੀ ਦੂਜੈ ਭਾਇ॥
ਮਲੁ ਹਉਮੈ ਧੋਤੀ ਕਿਵੈ ਨ ਉਤਰੈ,
ਜੇ ਸਉ ਤੀਰਥ ਨਾਇ॥
ਬਹੁ ਬਿਧਿ ਕਰਮ ਕਮਾਵਦੇ,
ਦੂਣੀ ਮਲੁ ਲਾਗੀ ਆਇ॥
ਪੜਿਐ ਮੈਲੁ ਨ ਉਤਰੈ,
ਪੂਛਹੁ ਗਿਆਨੀਆ ਜਾਇ॥੧॥
ਮਨੁ ਮੇਰੇ ਗੁਰ ਸਰਣਿ ਆਵੈ,
ਤਾ ਨਿਰਮਲ ਹੋਇ॥
ਮਨਮੁਖ ਹਰਿ ਹਰਿ ਕਰਿ ਥਕੇ,
ਮੈਲੁ ਨ ਸਕੀ ਧੋਇ॥੧॥ਰਹਾਉ॥

(ਸਿਰੀ ਰਾਗ ਮਹਲਾ ੩, ਪੰਨਾ ੩੯)

(ੲ) ਕਰਮੀ ਸਹਜੁ ਨ ਊਪਜੈ,
ਵਿਣੁ ਸਹਜੈ ਸਹਸਾ ਨ ਜਾਇ॥
ਨਹ ਜਾਇ ਸਹਸਾ ਕਿਤੈ ਸੰਜਮਿ,
ਰਹੇ ਕਰਮ ਕਮਾਏ॥.....
ਕਹੈ ਨਾਨਕੁ ਗੁਰ ਪਰਸਾਦੀ ਸਹਜੁ ਉਪਜੈ,
ਇਹੁ ਸਹਸਾ ਇਵ ਜਾਇ॥ ੧੮॥

(ਅਨੰਦ ਸਾਹਿਬ, ਪੰਨਾ ੯੧੯)

ਬਾਝੁ ਗੁਰੂ ਗੁਬਾਰਾ॥
ਮਿਲਿ ਸਤਿਗੁਰ ਨਿਸਤਾਰਾ॥੨॥
ਹਉ ਹਉ ਕਰਮ ਕਮਾਣੇ॥
ਤੇਤੇ ਬੰਧ ਗਲਾਣੇ॥
ਮੇਰੀ ਮੇਰੀ ਧਾਰੀ॥
ਓਹਾ ਪੈਰਿ ਲੋਹਾਰੀ॥
ਸੋ ਗੁਰ ਮਿਲਿ ਏਕੁ ਪਛਾਣੈ॥
ਜਿਸੁ ਹੋਵੈ ਭਾਗੁ ਮਥਾਣੈ॥੩॥

(ਮਾਰੂ ਮਹਲਾ ੫, ਪੰਨਾ ੧੦੦੪)

ਸੰਸਾਰ ਵਿਚ ਕਾਮਾਦਿਕ ਵਿਕਾਰਾਂ ਦੇ ਹਲਿਆਂ


www.AKJ.Org

ਤੋਂ ਬਚਣ ਲਈ ਇਕੋ, ਤੇ ਕੇਵਲ ਇਕੋ ਇਕ ਰਾਹ ਹੈ ਗੁਰੂ ਦੀ ਸ਼ਰਨ ਵਿਚ ਆਉਣਾ, ਨਾਮ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨਾ ਅਤੇ ਨਾਮ ਅਭਿਆਸ ਦੀ ਬਰਕਤ ਦੁਆਰਾ ਨਿਰਮਲ ਕਰਮ ਕਰ ਕੇ ਸੁਰਖ਼ਰੂਈ ਨਾਲ ਜੀਵਨ ਬਤੀਤ ਕਰਨਾ। ਗੁਰੂ ਦਾ ਆਸਰਾ ਤਕਣ ਨਾਲ, ਗੁਰੂ ਦੀ ਓਟ ਲੈਣ ਦਾ ਸਦਕਾ "ਅਕਹੁ ਪਰਮਲ" ਤੇ "ਕਾਗਹੁ ਹੰਸ" ਹੋਣ ਦੀ ਪਾਰਸ ਕਲਾ ਵਰਤਦੀ ਹੈ, ਜਿਸ ਬਾਰੇ ਗੁਰਬਾਣੀ ਵਿਚ ਸੰਕੇਤ ਇਉਂ ਹੈ:-

ਕਚਹੁ ਕੰਚਨੁ ਭਇਅਉ ਸਬਦੁ ਗੁਰ ਸ੍ਰਵਣਹਿ ਸੁਣਿਓ।।
ਬਿਖੁ ਤੇ ਅੰਮ੍ਰਿਤੁ ਹੋਯਉ ਨਾਮੁ ਸਤਿਗੁਰ ਮੁਖਿ ਭਣਿਅਉ।।
ਲੋਹਉ ਹੋਯਉ ਲਾਲੁ ਨਦਰਿ ਸਤਿਗੁਰੁ ਜਦਿ ਧਾਰੈ।।
ਪਾਹਣ ਮਾਣਕ ਕਰੈ ਗਿਆਨੁ ਗੁਰ ਕਹਿਉ ਬੀਚਾਰੈ।।
ਕਾਠਹੁ ਸ੍ਰੀਖੰਡ ਸਤਿਗੁਰਿ ਕੀਅਉ
ਦੁਖ ਦ੍ਰਿਦ੍ਰ ਤਿਨ ਕੇ ਗਇਅ।।
ਸਤਿਗੁਰੂ ਚਰਨ ਜਿਨ ਪਰਸਿਆ
ਸੇ ਪਸੁ ਪਰੇਤ ਸੁਰਿ ਨਰ ਭਇਅ।।

(ਸਵਯੇ ਮਹਲੇ ੪ ਕੇ,ਪੰਨਾ ੧੩੯੯)

ਉਪਰੋਕਤ ਵਿਚਾਰ ਦਾ ਸਿੱਟਾ ਇਹ ਹੈ-

(ੳ) ਗੁਰੂ ਧਾਰਨ ਕਰਨਾ ਅਤੇ ਗੁਰੂ ਧਾਰਨ ਕਰਨ ਲਈ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨੀ ਹਰ ਸਿਖ ਲਈ ਜ਼ਰੂਰੀ ਹੈ। ਇਸ ਤੋਂ ਕਿਸੇ ਨੂੰ ਅਤੇ ਕਿਸੇ ਹਾਲਤ ਵਿਚ ਵੀ ਮੁਆਫ਼ੀ ਨਹੀਂ।

(ਅ) ਅੰਮ੍ਰਿਤਧਾਰੀ, ਤਿਆਰ ਬਰ-ਤਿਆਰ. ਗੁਰਮਤਿ ਰਹਿਤ ਰਹਿਣੀਏ ਅਤੇ ਸ੍ਰਿਛ ਜੀਵਨ ਵਾਲੇ ਗੁਰਸਿਖਾਂ ਦੇ ਸਮੂਹ ਦਾ ਨਾਮ ਹੀ ਪੰਥ ਅਰਥਾਤ ਖ਼ਾਲਸਾ ਹੈ। ਓਹ ਪੰਥ, ਜਿਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਜਗਿਆਸੂਆਂ ਪ੍ਰਤੀ ਵਾਹਿਗੁਰੂ ਨਾਲ ਅਭੇਦਤਾ ਦੀ ਜੁਗਤੀ ਵਰਤਾਉਣ ਦਾ ਅਧਿਕਾਰ ਹੈ, ਉਸ ਲਈ ਸ੍ਰੀ ਗੁਰੂ ਗ੍ਰੰਥ ਦੀ ਤਾਬਿਆ ਹੋਣਾ, ਭਾਵ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਿਰੂਪਣ ਕੀਤੇ ਸਿਧਾਂਤਾ ਅਨੁਸਾਰ ਜੀਵਨ ਦਾ ਧਾਰਨੀ ਹੋਣਾ ਮੁਢਲੀ ਸ਼ਰਤ ਹੈ। ਤੇ ਇਸ ਸ਼ਰਤ ਵਿਚ ਪੂਰੇ ਉਤਰਨ ਮਗਰੋਂ ਹੀ ਪੰਥ ਗੁਰੂ ਕੀ ਪਰਤੀਤਿ ਦਾ ਪਾਤਰ ਹੋ ਸਕਦਾ ਹੈ।

ਵੋਟ-ਪ੍ਰਾਪਤੀ ਕਰਨ ਲਈ ਪੰਥ ਦੀ ਭਾਵੇਂ ਕੋਈ ਪ੍ਰਿਭਾਸ਼ਾ ਕਲਪ ਲਈ ਜਾਵੇ, ਪਰ ਗੁਰਬਾਣੀ, ਗੁਰਮਤਿ ਅਤੇ ਸਿਖ ਇਤਿਹਾਸ ਦੀ ਰੌਸ਼ਨੀ ਵਿਚ ਖ਼ਾਲਸਾ ਪੰਥ ਦੀ ਪ੍ਰਿਭਾਸ਼ਾ ਕੇਵਲ ਇਕੋ ਇਕ ਹੀ ਹੈ ਕਿ "ਖ਼ਾਲਸਾ-ਪੰਥ ਨਾਂ ਹੈ ਅੰਮ੍ਰਿਤਧਾਰੀ, ਤਿਆਰ-ਬਰ-ਤਿਆਰ, ਰਹਿਤ-ਬਹਿਤ ਵਿਚ ਪਰਪੱਕ ਰਹਿ ਕੇ ਸ੍ਰਿਛ ਤੇ ਧਰਮੀ ਜੀਵਨ ਬਤੀਤ ਕਰਨ ਵਾਲੇ ਅਤੇ ਅਜਿਹੀ ਜੀਵਨ-ਜਾਚ ਦੀ ਪ੍ਰੇਰਨਾ ਦੇਣ ਵਾਲੇ ਸਰਬੱਤ ਗੁਰਸਿਖ ਮਰਜੀਵੜਿਆਂ ਦੇ ਸਮੂਹ ਦਾ।"

## ਸ੍ਰੀ ਗੁਰੂ ਗ੍ਰੰਥ ਤੇ ਪੰਥ-

ਜਿਹਾ ਕਿ ਉਪਰ ਵਰਨਣ ਕੀਤਾ ਹੈ, ਜੋਤੀ ਜੋਤਿ ਸਮਾਵਣ ਦਾ ਚਲਿਤਰ ਵਰਤਾਉਣ ਸਮੇਂ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਤਾ ਦਾ ਟਿੱਕਾ, ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਦਿਤਾ ਅਤੇ ਪੰਥ ਨੂੰ ਹਜ਼ੂਰ ਦੀ ਤਾਬਿਆ ਵਿਚ ਰਹਿ ਕੇ ਵਾਹਿਗੁਰੂ ਨਾਲ ਅਭੇਦਤਾ ਪ੍ਰਾਪਤੀ ਲਈ ਨਾਮ-ਅੰਮ੍ਰਿਤ ਵਰਤਾਉਣ ਦਾ ਅਧਿਕਾਰ ਬਖ਼ਸ਼ਿਆ। ਗੁਰੂ ਗ੍ਰੰਥ ਅਤੇ ਪੰਥ ਦਾ ਸੰਬੰਧ ਆਤਮਾ ਤੇ ਸਰੀਰ ਦੀ ਨਿਆਈਂ ਹੀ ਹੈ। ਸਰੀਰ ਦੀ ਹੋਂਦ ਆਤਮਾ ਨਾਲ ਹੀ ਹੈ ਅਤੇ ਆਤਮਾ ਦੇ ਪਰਕਿਰਤੀ ਦੇ ਸੰਬੰਧ ਵਿਚ ਕਰਤੱਵ (Function) ਕਰਨ ਲਈ ਸਰੀਰਕ ਚੋਲਾ ਵੀ ਪਰਮ ਜ਼ਰੂਰੀ ਹੈ, ਪਰ ਦੋਹਾਂ ਵਿਚੋਂ ਪ੍ਰਧਾਨਤਾ ਆਤਮਾ ਦੀ ਹੈ। ਸਰੀਰ ਦੀ ਅਣਹੋਂਦ ਤੋਂ ਪਹਿਲਾਂ ਤੇ ਮਗਰੋਂ ਵੀ ਆਤਮਾ ਇਕਸਾਰ ਅਤੇ ਇਕ ਰਸ ਹੀ ਰਹਿੰਦੀ ਹੈ। "ਗੁਰੂ" ਪੰਥ ਦਾ ਸਾਜਨਹਾਰ ਹੈ ਅਤੇ ਗੁਰੂ "ਗੁਰੂ ਗ੍ਰੰਥ ਜੀ" ਹੀ ਹਨ! ਸਾਹਿਬ ਸ੍ਰੀ ਗੁਰੂ ਗ੍ਰੰਥ ਦੀ ਤਾਬਿਆ (ਸਿਧਾਂਤਾ ਦੀ ਰੌਸ਼ਨੀ) ਵਿਚ ਜਦੋਂ ਪੰਥ ਪੰਚ-ਪਰਧਾਨੀ ਜਾਂ ਸਮੁਚੇ ਰੂਪ ਵਿਚ ਵਿਚਰਦਾ ਹੈ ਤਾਂ ਇਸ ਨੂੰ "ਗੁਰੂ-ਪੰਥ" ਦੀ ਪਦਵੀ ਸੁਤੇ ਹੀ ਪ੍ਰਾਪਤ ਹੁੰਦੀ ਹੈ। "ਸ੍ਰੀ ਗੁਰੂ ਗ੍ਰੰਥ" ਤੇ "ਗੁਰੂ ਪੰਥ" ਦੀ ਸਾਂਝ ਆਤਮਾ ਤੇ ਸਰੀਰ ਵਾਲੀ ਹੈ, ਜੋ ਅਨਿਖੜਵੀਂ ਅਤੇ ਸਦੀਵੀ ਹੈ, ਪਰ ਸ਼ਰਤ ਇਹੋ ਹੈ ਕਿ ਪੰਥ ਹਜ਼ੂਰ ਦੀ ਤਾਬਿਆ ਵਿਚ ਵਿਚਰੇ।

ਸਵਾਲ ਪੈਦਾ ਹੁੰਦਾ ਹੈ ਕਿ ਇਹ ਕਿਵੇਂ ਪਤਾ ਲਗੇ ਕਿ ਪੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬੇ ਕਿਸ ਹਦ ਤਕ ਵਿਚਰ ਰਿਹਾ ਹੈ? ਇਸ ਸਬੰਧੀ ਕੁਝ ਮੋਟੀਆਂ ਮੋਟੀਆਂ ਨਿਸ਼ਾਨੀਆਂ ਇਹ ਹਨ, ਜਿਨ੍ਹਾਂ ਦੀ ਟੋਹ ਲੈ ਕੇ ਇਸ ਬਾਰੇ ਨਿਰਣਾ ਕਰਨ ਦਾ ਯਤਨ ਕੀਤਾ ਜਾ ਸਕਦਾ ਹੈ-

(੧) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਟਿੱਕਿਆ ਤੇ ਗੁਰ-



www.AKJ.Org

ਗਦੀ ਤੇ ਬਿਰਾਜਮਾਨ ਕੀਤਾ। ਹੁਣ ਉਹ ਪੰਜੇ ਤਖ਼ਤ ਜਿਨ੍ਹਾਂ ਉਤੇ ਕਦੀ ਸਤਿਗੁਰੂ ਸਾਹਿਬਾਨ ਗੁਰੂ ਜਾਮਿਆਂ ਵਿਚ ਸਜ ਕੇ ਸੰਗਤ ਨੂੰ ਦੀਦਾਰੇ ਬਖ਼ਸ਼ਦੇ ਹੁੰਦੇ ਸੀ, ਉਹਨਾਂ ਉਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਸਸ਼ੋਭਤ ਕੀਤੇ ਜਾਣੇ ਚਾਹੀਦੇ ਹਨ। ਓਥੇ ਅਜੇ ਤਕ ਗੁਰੂ ਕੇ ਸ਼ਸਤਰਾਂ ਨੂੰ ਤਾਂ ਭਾਵੇਂ ਥਾਂ ਦਿਤੀ ਗਈ ਹੈ, ਪਰ ਸ਼ਸਤਰਾਂ ਵਾਲੇ ਅਤੇ ਤਖ਼ਤ ਚੌਰ ਦੇ ਮਾਲਿਕ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਤਖ਼ਤਾਂ ਉਤੇ ਅਜੇ ਤਕ ਸਸ਼ੋਭਤ ਨਹੀਂ ਕੀਤਾ ਗਿਆ। ਇਸ ਵਿਚ ਕੀ ਰੁਕਾਵਟ ਹੈ, ਇਹ ਪੰਥ ਜਾਣੇ ?

(੨) ਗੁਰੂ ਦੇ ਸਰੂਪ ਜਾਂ ਸਰੂਪਾਂ ਦਾ ਬਜ਼ਾਰਾਂ ਵਿਚ ਵੇਚੇ ਜਾਣਾ ਤੇ ਮਨ ਮਰਜ਼ੀ ਨਾਲ ਸ਼ੁਧ ਅਸ਼ੁਧ ਰੂਪ ਵਿਚ ਛਾਪਿਆ ਜਾਣਾ, ਪੰਥ ਲਈ ਨਮੋਸ਼ੀ ਦਾ ਕਾਰਨ ਹੈ। ਇਸ ਵਿਕਰੀ ਨੂੰ ਕਿਵੇਂ ਸੰਪੂਰਨ ਤੌਰ ਤੇ ਬੰਦ ਕਰਨਾ ਹੈ, ਇਹ ਪੰਥ ਨੂੰ ਸੋਚਣ ਵਿਚਾਰਨ ਦੀ ਲੋੜ ਹੈ।

(੩) ਸਾਡੀ ਸਿਫਤ-ਸਲਾਹ ਨਾਲ ਅਕਾਲ ਪੁਰਖ ਨਾ ਵੱਡਾ ਹੋ ਜਾਂਦਾ ਹੈ ਅਤੇ ਨਾ ਸਾਡੇ ਸਿਫਤ-ਸਲਾਹ ਨਾ ਕਰਨ ਨਾਲ ਉਸ ਵਿਚ ਕੋਈ ਘਾਟ ਵਾਪਰਦੀ ਹੈ। ਗੁਰਵਾਕ-

ਜੇ ਸਭ ਮਿਲਿ ਕੈ ਆਖਣ ਪਾਹਿ।।
ਵਡਾ ਨ ਹੋਵੈ ਘਾਟਿ ਨ ਜਾਇ।।
(ਆਸਾ ਮ: ੧, ਰਹਰਾਸਿ)

ਇਸੇ ਤਰ੍ਹਾਂ ਸਤਿਗੁਰੂ ਦਾ ਸਤਿਕਾਰ ਕਰਨ ਨਾਲ ਜਾਂ ਨਾ ਕਰਨ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਕੋਈ ਫ਼ਰਕ ਨਹੀਂ ਪੈਂਦਾ, ਪਰ ਜਿਵੇਂ ਆਪਣੇ ਵਿਚ ਦੈਵੀ-ਗੁਣ ਪੈਦਾ ਕਰਨ ਲਈ ਅਕਾਲ ਪੁਰਖ ਦੀ ਸਿਫਤ-ਸਲਾਹ ਕਰਨੀ ਲਾਜ਼ਮੀ ਹੈ, ਇਵੇਂ ਹੀ ਖੁਟਹਰ ਮਨ ਵਿਚ ਭੈ-ਭਾਵਨੀ ਵਸਾਉਣ ਲਈ ਤੇ ਗੁਰ-ਉਪਦੇਸ਼ਾਂ ਦਾ ਵਾਸਾ ਕਰਾਉਣ ਲਈ ਗੁਰੂ ਦਾ ਸਤਿਕਾਰ ਕਰਨਾ ਅਤੀ ਜ਼ਰੂਰੀ ਹੈ। ਇਹ ਸਤਿਕਾਰ ਕਰਨਾ ਗੁਰੂ ਲਈ ਨਹੀਂ, ਸਗੋਂ ਸਾਡੇ ਆਪਣੇ ਲਈ ਲਾਭਦਾਇਕ ਹੈ। ਗੁਰੂ-ਸਤਿਕਾਰ ਦੇ ਕਈ ਪੱਖ ਹਨ। ਜਿਵੇਂ-

(ੳ) ਗੁਰੂ ਉਪਦੇਸ਼ ਨੂੰ ਹਿਰਦੇ ਵਿਚ ਧਾਰਨ ਕਰ ਕੇ ਕਥਾ ਕੀਰਤਨ ਰਾਹੀਂ ਗੁਰਮਤਿ ਦੇ ਪਰਸਾਰ ਲਈ ਨਿਸ਼ਕਾਮ ਤੇ ਨਿਰਲੋਭ ਉਪਰਾਲਾ ਕਰਨਾ।

(ਅ) ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪਾਵਨ ਬੀੜਾਂ ਦਾ ਪੂਰਨ ਅਦਬ ਸਤਿਕਾਰ ਕਰਨਾ ਅਤੇ ਪੂਰਨ ਭੈ-ਭਾਵਨੀ ਵਿਚ ਸਾਂਭ ਸੰਭਾਲ ਕਰਨੀ।

(ੲ) ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਲਈ ਸਿਖ ਦੇ ਘਰ ਦਾ ਸਭ ਤੋਂ ਵਧੀਆ ਕਮਰਾ ਅਤੇ ਸਭ ਤੋਂ ਵਧੀਆ ਬਸਤਰ ਗੁਰੂ ਅਰਪਣ ਹੋਣੇ ਬਣਦੇ ਹਨ।

(ਸ) ਲਿਖਤੀ ਬੀੜਾਂ ਦੇਸ ਅਤੇ ਪਰਦੇਸ ਵਿਚ ਕਈ ਥਾਵਾਂ ਤੇ ਬਿਰਾਜਮਾਨ ਹਨ। ਇਹ ਸੁੱਰਖਿਅਤ ਕਰਨ ਜੋਗ ਹਨ। ਇਨ੍ਹਾਂ ਦੀ ਸੰਪੂਰਨ ਸੂਚੀ ਤਿਆਰ ਕੀਤੇ ਜਾਣ ਅਤੇ ਸਾਂਭ ਸੰਭਾਲ ਦੀ ਅਤੀਅੰਤ ਲੋੜ ਹੈ।

(ਹ) ਲਿਖਤੀ ਬੀੜਾਂ ਦੀ ਸੁਰਤ ਸੰਭਾਲ ਕੀਤੀ ਜਾਣੀ ਚਾਹੀਦੀ ਹੈ। ਹਜ਼ਾਰਾਂ ਦੀ ਗਿਣਤੀ ਵਿਚ ਇਹ ਬੀੜਾਂ ਸਾਲਾਂ ਤੋਂ ਅਲਮਾਰੀਆਂ ਵਿਚ ਵਖ ਵਖ ਥਾਵਾਂ ਤੇ ਬੰਦ ਹਨ।

(ਕ) ਜਿਨ੍ਹਾਂ ਬੀੜਾਂ ਦੇ ਵਿਚਕਾਰਲੇ ਜਾਂ ਪਾਸਿਆਂ ਦੇ ਕੁਝ ਪੰਨੇ ਮਸਤਾਨੇ ਹੋ ਜਾਂਦੇ ਹਨ, ਪਰ ਬਾਕੀ ਪਤਰਿਆਂ ਦੀ ਹਾਲਤ ਚੰਗੀ ਹੁੰਦੀ ਹੈ ਉਨ੍ਹਾਂ ਨੂੰ ਬਿਰਧ ਬੀੜਾਂ ਵਿਚ ਸ਼ਾਮਲ ਕਰ ਕੇ ਸ੍ਰੀ ਗੋਇੰਦਵਾਲ ਸਾਹਿਬ ਜਾਂ ਸ੍ਰੀ ਅਕਾਲ ਤਖ਼ਤ ਸਾਹਿਬ ਭੇਜ ਦੇਣਾ ਘੋਰ ਅਨਗਹਿਲੀ ਅਤੇ ਸ਼ਰਧਾ ਵਿਚ ਕਮੀ ਦਾ ਸੂਚਕ ਹੈ। ਗੁਰੂ ਦੇ ਸਤਿਕਾਰ ਸੰਬੰਧੀ ਉਪਰ ਵਰਣਿਤ ਸੁਝਾਵਾਂ ਬਾਰੇ ਕਈਆਂ ਨੂੰ, ਖ਼ਾਸ ਕਰਕੇ ਸਾਡੇ ਅੱਜ ਕਲ੍ਹ ਦੇ ਬੁਧੀ-ਜੀਵੀਆਂ ਨੂੰ ਕੁਝ ਸੰਸਾ ਹੈ। ਉਨ੍ਹਾਂ ਦਾ ਵਿਚਾਰ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਇਕ ਧਰਮ-ਗ੍ਰੰਥ ਹੀ ਹਨ। ਸਧਾਰਨ ਤੌਰ ਤੇ ਵੇਖਿਆਂ ਅਤੇ ਸਧਾਰਨ ਮਨੁੱਖ ਲਈ ਤਾਂ ਏਵੇਂ ਹੀ ਹੈ। ਪਰ ਅਸਲੀਅਤ ਕੁਝ ਹੋਰ ਹੈ। ਜਿਵੇਂ ਬਿਜਲੀ ਦਾ ਪਾਵਰ ਪਲਾਂਟ ਸਧਾਰਨ ਮਨੁੱਖ ਲਈ ਕੇਵਲ ਸਧਾਰਨ ਢਾਂਚਾ (material structure) ਹੀ ਹੈ, ਪਰ ਜਿਹੜਾ ਮਨੁੱਖ ਬਿਜਲੀ ਸੰਬੰਧੀ ਵਾਕਫੀਅਤ ਰੱਖਦਾ ਹੈ ਉਹ ਜਾਣਦਾ ਹੈ ਕਿ ਇਹ ਸਧਾਰਨ ਨਹੀਂ ,ਸਗੋਂ ਸ਼ਕਤੀ ਪੂਰਤ ਢਾਚਾਂ ਹੈ। ਉਹ ਇਸ ਢਾਂਚੇ ਰਾਹੀਂ ਜ਼ਿੰਦਗੀ ਦੇ ਬੇਅੰਤ ਕਾਰਜ ਸਵਾਰਦਾ ਹੈ, ਏਸੇ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਗ੍ਰੰਥ ਰੂਪ ਤਾਂ ਸਾਰਿਆਂ ਨੂੰ ਦਿਸਦਾ ਹੈ, ਪਰ ਇਸ ਵਿਚ ਵਰਤ ਰਹੀ ਸ਼ਬਦ-ਜੋਤਿ ਨੂੰ ਅਥਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗੁਰੂ ਪੱਖ ਨੂੰ ਵਿਰਲੇ ਸੁਭਾਗੇ ਵਿਅਕਤੀ ਹੀ ਅਨੁਭਵ ਕਰਦੇ ਹਨ। ਫੁਰਮਾਨ ਹੈ :-

(ਬਾਕੀ ਪੰਨਾ ੩੩ ਤੇ)



www.AKJ.Org

## ਰਹਿੰਦੇ ਗੁਰ ਦਰੀਆਉ ਵਿਚਿ

ਗੁਰੂ ਪੰਚਮ ਪਾਤਸ਼ਾਹ ਜੀ ਨੂੰ ਅੰਤ ਵੇਲੇ ਦਿਤੇ ਗਏ ਭਿਆਨਕ ਤਸੀਹਿਆਂ ਦਾ ਦੁਖਦਾਈ ਚਿਤਰ ਅੱਖਾਂ ਸਾਹਮਣੇ ਲਿਆ ਕੇ ਅਸੀਂ ਕੰਬ ਉਠਦੇ ਹਾਂ। ਸੰਸਾਰਕ ਦੁਖਾਂ-ਸੁਖਾਂ ਵਿਚ ਲਿਬੜੇ ਹੋਏ ਅਸੀਂ ਅਲਪੱਗ ਜੀਵ ਉਸ ਮਹਾਨ ਆਤਮਾ ਦੀ ਉਚੀ ਬਿਵਸਥਾ ਦਾ ਟਿਕਾ ਅਤੇ ਪ੍ਰਭੂ-ਚਰਨਾਂ ਵਿਚ ਜੁੜੀ ਸੁਰਤ ਦਾ ਅਨੁਮਾਨ ਤਕ ਨਹੀ ਲਾ ਸਕਦੇ, ਕਿਉਂਕਿ ਸਾਡੀਆਂ ਨਜਰਾਂ ਸਰੀਰਾਂ ਤਕ ਹੀ ਸੀਮਤ ਹਨ।

ਅਜਿਹੇ ਸਮੇਂ ਸਤਿਗੁਰਾਂ ਦੇ ਅਨਿਨ ਸੇਵਕ ਤੇ ਪੂਰਨ ਗੁਰਸਿਖ ਭਾਈ ਗੁਰਦਾਸ ਜੀ ਇਸ ਮਹਾਨ ਸ਼ਹੀਦੀ ਸਾਕੇ ਦਾ ਦਰਸ਼ਨ ਕੁਝ ਹੋਰ ਰੂਪ ਵਿਚ ਕਰਾਉਂਦੇ ਹਨ। ਇਹ ਦਰਸ਼ਨ ਅਸਾਂ ਸੰਸਾਰੀ ਜੀਵਾਂ ਦੀ ਤਕਣੀ ਤੋਂ ਨਿਰਾਲੇ ਹਨ। ਉਹ ਲਿਖਦੇ ਹਨ ਕਿ ਮੇਰਾ ਚੋਜੀ ਪ੍ਰੀਤਮ ਤਤੀ ਲੋਹ 'ਤੇ ਬੈਠਾ ਅਤੇ ਸੜਦੀ ਰੇਤ ਹੇਠਾਂ ਕਿਸੇ ਅਨੂਪਮ ਅਵਸਥਾ ਤੇ ਸਹਿਜ ਸਮਾਧੀ ਵਿਚ ਰੰਗ-ਰਸ ਲੀਨ ਸੀ, ਉਹ ਨਾਮ-ਤਰੰਗਾਂ ਵਿਚ ਗੁਰੂ-ਚਰਨਾਂ ਵਿਚ ਟਿਕੇ ਹੋਏ ਇਲਾਹੀ ਸੁਖ ਮਾਣ ਰਹੇ ਸਨ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਆਪਣੇ ਇਹ ਬਚਨ ਪਰਤੱਖ ਸਾਕਾਰ ਹੋ ਰਹੇ ਸਨ-

ਬੈਕੁੰਠ ਨਗਰੁ ਜਹਾ ਸੰਤ ਵਾਸਾ।।
ਪ੍ਰਭ ਚਰਣ ਕਮਲ ਰਿਦ ਮਾਹਿ ਨਿਵਾਸਾ।।

(ਸੂਹੀ ਮ:੫)

ਭਾਈ ਸਾਹਿਬ ਸ਼ਹੀਦੀ ਸਮੇਂ ਦੀ ਬਿਵਸਥਾ ਬਿਆਨ ਕਰਦੇ ਹੋਏ ਲਿਖਦੇ ਹਨ ਕਿ ਉਦੋਂ ਪੰਚਮ ਪਾਤਸ਼ਾਹ, ਗੁਰੂ ਰਾਮਦਾਸ ਜੀ ਰੂਪੀ ਦਰਿਆ ਵਿਚ ਇਕ ਸੁੰਦਰ ਮੱਛੀ ਵਾਂਗ ਤਾਰੀਆਂ ਲਾ ਰਹੇ ਸਨ। ਜਿਵੇਂ ਮੱਛੀ ਦਰਿਆ ਦੇ ਨਿਰਮਲ ਜਲ ਵਿਚ ਓਤ ਪੋਤ ਲੀਨ ਹੋਈ ਅਨੰਦ ਮਾਣਦੀ ਹੈ, ਉਹ ਇਧਰ ਉਧਰ ਸਭ ਪਾਸੇ ਜਲ ਹੀ ਜਲ ਦੇਖਦੀ ਹੈ, ਉਸ ਨੂੰ ਹੋਰ ਕੁਝ ਨਜ਼ਰ ਹੀ ਨਹੀਂ ਆਉਂਦਾ,ਨਾ ਕੋਈ ਮੱਛੀ ਅਤੇ ਨਾ ਕੋਈ ਜਾਲ,ਇਵੇ ਹੀ ਗੁਰੂ ਅਰਜਨ ਦੇਵ ਜੀ ਗੁਰੂ ਰਾਮਦਾਸ ਜੀ ਦੇ ਦਰਸ਼ਨਾਂ ਵਿਚ ਸਮਾਏ ਹੋਏ ਅਨੰਦ ਮਾਣ ਰਹੇ ਸਨ ਅਤੇ ਸਭ ਪਾਸੇ ਗੁਰਦੇਵ ਪਰਮੇਸ਼ਰ ਦੇ ਹੀ ਰੰਗ ਖਿੜੇ ਨਜ਼ਰ ਆ ਰਹੇ ਸਨ।

ਦੂਜੀ ਮਿਸਾਲ ਪਤੰਗੇ ਦੀ ਦਿੱਤੀ ਹੈ ਕਿ ਜਿਵੇ ਪਤੰਗਾ ਜਗਦੀ ਜੋਤ ਤੇ ਲੱਟੂ ਹੋ ਜਾਂਦਾ ਹੈ, ਉਹ ਜਗਦੀ ਲਾਟ ਦੇ ਚਾਨਣ 'ਤੇ ਮਸਤ ਹੋਇਆ ਆਪਣਾ ਆਪ ਕੁਰਬਾਨ ਕਰ ਦੇਂਦਾ ਹੈ, ਪਰ ਉਧਰੋਂ ਮੂੰਹ ਨਹੀਂ ਮੋੜਦਾ, ਇਵੇਂ ਹੀ ਗੁਰ ਪਾਤਸ਼ਾਹ ਜਾਗਤ ਜੋਤ ਗੁਰੂ ਰਾਮਦਾਸ ਜੀ ਦੇ ਦਰਸ਼ਨਾਂ ਵਿਚ ਮਸਤੂਲ ਮਸਤ ਹੋ ਰਹੇ ਸਨ।

ਇਸ ਤੋਂ ਅਗੇ ਹਿਰਨ ਤੇ ਸ਼ਬਦ ਦੀ ਪ੍ਰੀਤ ਦਰਸਾਈ ਹੈ ਕਿ ਜਿਵੇਂ ਉਹ ਘੰਡੇ-ਹੇੜੇ ਦੀ ਅਵਾਜ਼ ਦਾ ਖਿਚਿਆ ਹੋਇਆ ਉਸ ਵਲ ਭਜਾ ਜਾਂਦਾ ਹੈ, ਕਿ ਉਸ ਦੀ ਸੁਰਤ ਉਸ ਸ਼ਬਦ ਵਿਚ ਐਸੀ ਜੁੜੀ ਹੁੰਦੀ ਹੈ ਕਿ ਉਸ ਨੂੰ ਹੋਰ ਕੁਝ ਸੁਝਦਾ ਹੀ ਨਹੀਂ, ਭਾਵੇਂ ਉਹ ਕਿਸੇ ਫਾਹੀ ਵਿਚ ਫਸ ਜਾਂਦਾ ਹੈ। ਇਵੇਂ ਹੀ ਗੁਰੂ ਅਰਜਨ ਦੇਵ ਜੀ ਗੁਰ-ਸ਼ਬਦ ਵਿਚ ਲਿਵਲੀਨ ਹੋਏ ਬੈਠੇ ਸਨ ਅਤੇ ਅੰਤ ਸਮੇਂ ਜਦ ਭੀੜਾ ਆ ਬਾਣੀ ਤਾਂ ਉਹਨਾਂ ਦੇ ਅੰਦਰ ਗੁਰ-ਸ਼ਬਦ ਤੋਂ ਬਿਨਾ ਹੋਰ ਕੋਈ ਖ਼ਿਆਲ ਚਿਤ-ਚੇਤਾ ਵੀ ਨਹੀਂ ਸੀ। ਸਗੋਂ ਇਸ ਤੋਂ ਉਲਟ ਉਹ ਆਪਣੇ ਗੁਰਦੇਵ ਦੇ ਚਰਨਾਂ ਨਾਲ ਅਜਿਹੇ ਲਪਟੇ ਹੋਏ ਸਨ ਕਿ ਉਸ ਆਤਮ-ਸੁਖ-ਵਿਵਸਥਾ ਵਿਚ ਸਾਰਾ ਸਮਾਂ ਇਸ ਤਰ੍ਹਾਂ ਬੀਤ ਗਿਆ ਜਿਵੇਂ ਭੌਰਾ ਕੰਵਲ ਫੁੱਲ ਵਿਚ ਗੁਟ ਹੁੰਦਾ ਹੈ ਅਤੇ ਸੂਰਜ ਅਸਤ ਹੋਣ 'ਤੇ ਕੰਵਲ ਫੁੱਲ ਵਿਚ ਹੀ ਮੀਟਿਆ ਜਾਂਦਾ ਹੈ। ਉਸ ਆਤਮ-ਅਰੂੜ-ਸਮਾਧੀ ਵਿਚ ਗੁਰੂ ਅਰਜਨ ਦੇਵ ਜੀ ਦੇ ਅੰਤਰ ਆਤਮੇ ਗੁਰ-ਸ਼ਬਦ ਦੀ ਇਕ-ਰਸ ਧੁਨੀ ਇਉਂ ਗੂੰਜ ਰਹੀ ਸੀ ਜਿਵੇ ਇਕ ਪਪੀਹਾ ਸਵਾਂਤੀ ਬੂੰਦ ਲਈ ਲਗਾਤਾਰ ਪ੍ਰਿਉ ਪ੍ਰਿਉ ਦੀ ਰਟ ਲਾਈ ਰਖਦਾ ਹੈ। ਇਹ ਧੁਨੀ ਐਸੀ ਪ੍ਰਬਲ ਚਲ ਰਹੀ ਸੀ ਜਿਸ ਤੋਂ ਵਿਛੋੜਾ ਅਸਹਿ ਸੀ। ਗੁਰੂ ਪਰਮੇਸ਼ਰ ਦੇ ਸਨਮੁਖ ਓਤ ਪੋਤ ਹੋਏ ਜਿਸ ਪਿਰਮ ਰਸ ਦੇ ਅੰਮ੍ਰਿਤ ਨੂੰ ਉਹ ਚਖ ਰਹੇ ਸਨ ਉਸ ਦਾ ਫਲ ਸਰੂਪ ਅਗੰਮੀ ਸੁਖ ਸੀ, ਜੋ ਕਹਿਣ ਕਥਨ ਤੋਂ ਬਾਹਰਾ ਹੈ। ਅਜਿਹੇ ਨਾਮ-ਰੰਗ-ਤਰੰਗਾਂ ਵਿਚ ਉਹ ਗੁਰਦੇਵ ਦੀ ਹਜ਼ੂਰੀ ਵਿਚ ਸਹਿਜ-ਸਮਾਧੀ ਵਿਚ ਅਸਥਿਤ ਹੋ ਰਹੇ ਹਨ।

ਗੁਰੂ ਅਰਜਨ ਦੇਵ ਜੀ ਦੀ ਐਸੀ ਅਚਰਜ ਤੇ ਬਿਸਮਾਦੀ ਦਸ਼ਾ ਨੂੰ ਦਰਸ-ਪਰਸ ਕੇ ਭਾਈ ਗੁਰਦਾਸ ਜੀ ਵਾਰਨੇ ਬਲਿਹਾਰਨੇ ਜਾ ਰਹੇ ਹਨ। ਸਾਰੀ ਪਉੜੀ ਇਸ ਤਰ੍ਹਾਂ ਬਿਆਨ ਕੀਤੀ ਹੈ-

ਰਹਿੰਦੇ ਗੁਰ ਦਰੀਆਉ ਵਿਚਿ,
ਮੀਨ ਕੁਲੀਨ ਹੇਤੁ ਨਿਰਬਾਣੀ।।
ਦਰਸਨੁ ਦੇਖਿ ਪਤੰਗ ਜਿਉ,
ਜੋਤੀ ਅੰਦਰਿ ਜੋਤਿ ਸਮਾਣੀ।।
ਸਬਦ ਸੁਰਤਿ ਲਿਵ ਮਿਰਗ ਜਿਉ,



www.AKJ.Org

ਭੀੜ ਪਈ ਚਿਤਿ ਅਵਰੁ ਨ ਆਣੀ॥
ਚਰਨ ਕਵਲ ਮਿਲਿ ਭਵਰ ਜਿਉ,
ਸੁਖ ਸੰਪਟ ਵਿਚਿ ਰੈਣਿ ਵਿਹਾਣੀ॥
ਗੁਰੁ ਉਪਦੇਸੁ ਨ ਵਿਸਰੈ,
ਬਾਬੀਹੇ ਜਿਉ ਆਖ ਵਖਾਣੀ॥
ਗੁਰਮੁਖਿ ਸੁਖ ਫਲੁ ਪਿਰਮ ਰਸ,
ਸਹਜ ਸਮਾਧਿ ਸਾਧ ਸੰਗਿ ਜਾਣੀ॥
ਗੁਰ ਅਰਜਨ ਵਿਟਹੁ ਕੁਰਬਾਣੀ॥੨੩॥ (ਵਾਰ ੨੪)

ਭਾਈ ਗੁਰਦਾਸ ਜੀ ੨੬ਵੀਂ ਵਾਰ ਦੀ ੨੭ਵੀਂ ਪਉੜੀ ਵਿਚ ਮੱਛੀ ਤੇ ਪਾਣੀ, ਪਤੰਗੇ ਤੇ ਦੀਪਕ, ਕੰਵਲ ਤੇ ਜਲ, ਭੌਰੇ ਤੇ ਫੁੱਲ, ਪਪੀਹੇ ਤੇ ਸਵਾਂਤੀ ਬੂੰਦ, ਹਿਰਨ ਤੇ ਨਾਦ, ਕੋਇਲ ਤੇ ਅੰਬ, ਮਾਨ ਸਰੋਵਰ ਤੇ ਹੰਸ, ਚਕਵੀ ਤੇ ਸੂਰਜ, ਚੰਦ ਤੇ ਚਕੋਰ ਆਦਿ ਦੀ ਪ੍ਰੀਤੀ ਦੀਆਂ ਉਦਾਹਰਣਾਂ ਦੇ ਕੇ ਗੁਰਸਿਖ ਤੇ ਸਤਿਗੁਰੂ ਦੀ ਪ੍ਰੀਤੀ ਦੀਆਂ ਸਿਖਰਾਂ ਨੂੰ ਛੋਹ ਜਾਂਦੇ ਹਨ। ਪਰ ਗੁਰੂ ਅਰਜਨ ਦੇਵ ਜੀ ਆਪਣੀ ਬਾਣੀ ਵਿਚ ਆਪਣੇ ਪ੍ਰਿਆ-ਪ੍ਰੀਤਮ ਦੇ ਪ੍ਰੇਮ-ਪਿਆਰ ਦਾ ਚਿਤਰ ਇਉਂ ਖਿਚਦੇ ਹਨ:-

ਮੋਹਿ ਮਛੁਲੀ ਤੁਮ ਨੀਰ, ਤੁਝ ਬਿਨ ਕਿਓ ਸਰੈ॥
ਮੋਹਿ ਚਾਤ੍ਰਿਕ ਤੁਮ ਬੂੰਦ, ਤ੍ਰਿਪਤਉ ਮੁਖ ਪਰੈ॥
(ਬਿਲਾਵਲੁ ਮ: ੫)

ਆਪਣੇ ਪ੍ਰੀਤਮ ਨੂੰ ਸਵਾਂਤੀ ਬੂੰਦ ਦਰਸਾਂਦੇ ਹੋਏ ਫੁਰਮਾਂਦੇ ਹਨ ਕਿ ਇਸ ਸਵਾਂਤੀ ਬੂੰਦ ਤੋਂ ਬਿਨਾਂ ਸ਼ਾਂਤੀ ਜਾਂ ਤ੍ਰਿਪਤੀ ਹੋ ਹੀ ਨਹੀਂ ਸਕਦੀ। ਫਿਰ ਹੋਰ ਵਧੇਰੇ ਇਸ ਤਰ੍ਹਾਂ ਦੀ ਪ੍ਰੀਤ ਦਾ ਜ਼ਿਕਰ ਇਨ੍ਹਾਂ ਸ਼ਬਦਾਂ ਵਿਚ ਕਰਦੇ ਹਨ-

ਤੂ ਜਲਨਿਧਿ ਹਮ ਮੀਨ ਤੁਮਾਰੇ॥
ਤੇਰਾ ਨਾਮੁ ਬੂੰਦ ਹਮ ਚਾਤ੍ਰਿਕ ਤਿਖਹਾਰੇ॥
ਤੁਮਰੀ ਆਸ ਪਿਆਸਾ ਤੁਮਰੀ,
ਤੁਮ ਹੀ ਸੰਗਿ ਮਨੁ ਲੀਨਾ ਜੀਉ॥
(ਮਾਝ ਮਹਲਾ ੫)

ਪਰ ਜਦੋਂ ਇਹ ਪ੍ਰੀਤ ਅਤਿ ਪ੍ਰਬਲ ਹੋ ਜਾਂਦੀ ਹੈ ਅਤੇ ਕਿਵੇਂ ਵੀ ਧੀਰਜ ਨਹੀਂ ਹੁੰਦਾ ਤਾਂ ਫਿਰ ਇਉਂ ਫੁਰਮਾਂਦੇ ਹਨ :-

ਬਿਸਰਤ ਨਾਹਿ ਮਨ ਤੇ ਹਰੀ॥
ਅਬ ਇਹ ਪ੍ਰੀਤਿ ਪ੍ਰਬਲ ਭਈ, ਆਨ ਬਿਖੈ ਜਰੀ॥
ਬੂੰਦ ਕਹਾ ਤਿਆਗਿ ਚਾਤ੍ਰਿਕ, ਮੀਨ ਰਹਨ ਨ ਘਰੀ॥
ਗੁਨ ਗੋਪਾਲ ਉਚਾਰੁ ਰਸਨਾ, ਟੇਵ ਏਹ ਪਰੀ॥
ਮਹਾ ਨਾਦ ਕੁਰੰਕ ਮੋਹਿਓ, ਬੇਧਿ ਤੀਖਨ ਸਰੀ॥
ਪ੍ਰਭ ਚਰਨ ਕਮਲ ਰਸਾਲ, ਨਾਨਕ ਗਾਠਿ ਬਾਧਿ ਧਰੀ।
(ਕੇਦਾਰਾ ਮਹਲਾ੫)

ਇਥੇ ਹੀ ਬਸ ਨਹੀਂ, ਸਗੋਂ ਅਗੇ ਜਾ ਕੇ ਕਹਿੰਦੇ ਹਨ ਕਿ ਮੈਨੂੰ ਪ੍ਰਿਆ-ਪ੍ਰੇਮ ਤੋਂ ਬਿਨਾਂ ਹੋਰ ਕੁਝ ਵੀ ਨਹੀਂ ਚੰਗਾ ਲਗਦਾ, ਮੋਤੀ ਅਤੇ ਹੀਰੇ ਜਵਾਹਰਾਤ, ਰਾਜ ਭਾਗ ਜਾਂ ਹੁਕਮ ਕੁਝ ਵੀ ਨਹੀਂ ਚਾਹੀਦਾ, ਕੇਵਲ ਪਿਆਰੇ ਸੰਤ-ਪ੍ਰਭੂ ਦੇ ਚਰਨਾਂ ਦੀ ਸਰਨ ਦੀ ਜਾਚਨਾ ਹੈ, ਬਸ ਸਾਰੇ ਸੁਖ ਤੇ ਸ਼ਾਂਤੀ ਉਥੇ ਹੀ ਹਨ। ਫ਼ੁਰਮਾਨ ਹੈ :-

ਓਹਾ ਪ੍ਰੇਮ ਪਿਰੀ॥੧॥ਰਹਾਉ॥
ਕਨਿਕ ਮਾਣਿਕ ਗਜ ਮੋਤੀਅਨ ਲਾਲਨ,
ਨਹਿ ਨਾਹ ਨਹੀ॥੧॥
ਰਾਜ ਨ ਭਾਗ ਨ ਹੁਕਮ ਨ ਸਾਦਨ ॥
ਕਿਛੁ ਕਿਛੁ ਨ ਚਾਹੀ॥੨॥
ਚਰਨਨ ਸਰਨਨ ਸੰਤਨ ਬੰਦਨ॥
ਸੁਖੋ ਸੁਖ ਪਾਹੀ॥
ਨਾਨਕ ਤਪਤਿ ਹਰੀ॥
ਮਿਲੇ ਪ੍ਰੇਮ ਪਿਰੀ॥੩॥੩॥੧੪੩॥ (ਆਸਾ ਮਹਲਾ ੫)

ਪੰਚਮ ਪਾਤਸ਼ਾਹ ਜੀ ਨੇ ਜਿਸ ਤਰ੍ਹਾਂ ਪ੍ਰੀਤ ਦੀਆਂ ਆਖ਼ਰੀ ਮੰਜ਼ਲਾਂ ਦੇ ਰੰਗ ਆਪਣੀ ਬਾਣੀ ਵਿਚ ਦਰਸਾਏ ਹਨ, ਉਨ੍ਹਾਂ ਨੂੰ ਸੋਨੇ ਦੇ ਮੰਦਰਾਂ ਵਿਚ ਵੀ ਜਿਸ ਤੀਬਰਤਾ ਨਾਲ ਨਿਭਾਇਆ ਹੈ ਓਵੇਂ ਹੀ ਤਤੀਆਂ ਤਵੀਆਂ ਤੇ ਤਾੜੀਆਂ ਲਾ ਕੇ ਇਸ ਪ੍ਰੀਤ ਨੂੰ ਸਿਰੇ ਚੜ੍ਹਾ ਗਏ ਹਨ:-

ਸੇਵਕ ਕੀ ਓੜਕਿ ਨਿਬਹੀ ਪ੍ਰੀਤਿ॥
ਜੀਵਤ ਸਾਹਿਬੁ ਸੇਵਿਓ ਅਪਨਾ,
ਚਲਤੇ ਰਾਖਿਓ ਚੀਤਿ॥੧॥ਰਹਾਉ॥
ਜੈਸੀ ਆਗਿਆ ਕੀਨੀ ਠਾਕੁਰਿ,
ਤਿਸੁ ਤੇ ਮੁਖੁ ਨਹੀਂ ਮੋਰਿਓ ॥
ਸਹਜਿ ਅਨੰਦੁ ਰਖਿਓ ਗ੍ਰਿਹ ਭੀਤਰ,
ਉਠਿ ਉਆਹੂ ਕਉ ਦਉਰਿਓ॥੨॥
(ਮਾਰੂ ਮਹਲਾ ੫)

ਗੁਰੂ ਪੰਚਮ ਪਾਤਸ਼ਾਹ ਜੀ ਨੇ ਮਨਾਂ ਨੂੰ ਸੁਖ ਦੇਣ ਵਾਲੀ "ਸੁਖਮਨੀ" ਸਾਨੂੰ ਬਖ਼ਸ਼ੀ ਹੈ ਅਤੇ ਉਸ ਦਾ ਸਾਰੰਸ਼ ਦਿਤਾ ਹੈ-*ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ*
*ਭਗਤ ਜਨਾ ਕੈ ਮਨਿ ਬਿਸ੍ਰਾਮ॥*

'ਸੁਖਮਨੀ' ਵਿਚ ਜ਼ਿਕਰ ਹੈ ਕਿ ਜਿਸ ਹਿਰਦੇ ਵਿਚ ਸੁਖਾਂ ਦੇ ਸੋਮੇ "ਨਾਮ" ਦਾ ਵਾਸਾ ਹੋ ਜਾਵੇ, ਉਹ ਪ੍ਰਭੂ ਕਿਰਪਾ ਨਾਲ ਨਿਮਖ ਨਿਮਖ ਉਸ ਥਾਨ ਥਨੰਤਰ ਵਸਦੇ ਪ੍ਰਭੂ ਨੂੰ ਜਪਦਾ ਹੈ ਅਤੇ ਇਉਂ ਜਪਦੇ ਜਪਦੇ ਉਹ ਐਸੀ


www.AKJ.Org

ਜੁਗਤ ਵਿਚ ਰੰਗਿਆ ਜਾਂਦਾ ਹੈ ਕਿ-

ਪ੍ਰਭ ਕੀ ਆਗਿਆ ਆਤਮ ਹਿਤਾਵੈ॥
ਜੀਵਨ ਮੁਕਤਿ ਸੋਊ ਕਹਾਵੈ॥
ਤੈਸਾ ਹਰਖੁ ਤੈਸਾ ਉਸੁ ਸੋਗ॥
ਸਦਾ ਅਨੰਦ ਤਹ ਨਹੀ ਬਿਓਗੁ॥
ਤੈਸਾ ਸੁਵਰਨ ਤੈਸੀ ਉਸ ਮਾਟੀ॥
ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ॥
ਤੈਸਾ ਮਾਨੁ ਤੈਸਾ ਅਭਿਮਾਨੁ॥
ਤੈਸਾ ਰੰਕੁ ਤੈਸਾ ਰਾਜਾਨੁ॥
ਜੋ ਵਰਤਾਏ ਸਾਈ ਜੁਗਤਿ॥
ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ॥੭॥੯॥

'ਸੁਖਮਨੀ' ਵਿਚ ਦਰਸਾਏ ਇਹ ਰੰਗ ਗੁਰੂ ਅਰਜਨ ਦੇਵ ਜੀ ਦੇ ਜੀਵਨ ਵਿਚ ਪਰਗਟ-ਪਹਾਰੇ ਲਸ-ਲਸ ਕਰ ਰਹੇ ਹਨ ਅਤੇ ਛੇਕੜ ਉਨ੍ਹਾਂ ਦੀ ਸ਼ਹੀਦੀ ਅੱਖਾਂ ਸਾਹਮਣੇ ਆ ਕੇ ਇਹ ਫ਼ੁਰਮਾਨ ਉਜਾਗਰ ਕਰ ਜਾਂਦੀ ਹੈ-

ਧੰਨੁ ਧੰਨੁ ਧੰਨੁ ਜਨੁ ਆਇਆ॥
ਜਿਸੁ ਪ੍ਰਸਾਦਿ ਸਭ ਜਗਤੁ ਤਰਾਇਆ॥
ਜਨ ਆਵਨ ਕਾ ਇਹੈ ਸੁਆਉ॥
ਜਨ ਕੈ ਸੰਗਿ ਚਿਤਿ ਆਵੈ ਨਾਉ॥
ਆਪਿ ਮੁਕਤੁ ਮੁਕਤੁ ਕਰੈ ਸੰਸਾਰ॥
ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ॥ ੩॥੨੩॥

## ਹਾਇ ਮੈਂ ਤਾ ਕਮਜਾਤ ਹਾਂ

ਸ਼ਾਮ ਨੂੰ ਸੋਦਰ ਦੇ ਜਾਪ ਸਮੇਂ ਛੋਟੀ ਭੈਣ ਸਤਿੰਦਰ ਕੌਰ ਰੋਜ਼ ਹੀ ਅੱਗੇ ਅੱਗੇ ਬੋਲਦੀ ਅਤੇ ਸਾਰਾ ਪਰਿਵਾਰ ਮਗਰ-ਮਗਰ, ਸਚਮੁੱਚ ਬਹੁਤ ਹੀ ਆਨੰਦ ਆਉਂਦਾ। ਰੋਜ਼ ਭੈਣ ਜਾਪ ਕਰਦੀ ਕਰਦੀ ਰੁਕ ਗਈ ਤੇ ਆਖਣ ਲਗੀ ਵੀਰੈ, ਹਾਏ ਮੈਂ ਤਾ ਕਮਜਾਤ ਹਾਂ।

"ਖਸਮੁ ਵਿਸਾਰੇ ਤੇ ਕਮਜਾਤਿ "

ਖਸਮ ਨੂੰ ਤਾਂ ਯਾਦ ਹੀ ਨਹੀਂ ਰਖਦੀ, ਮੈਂ ਕਮਜਾਤ ਹਾਂ, ਮੈਂ ਕਮਜਾਤ ਹਾਂ ਕਹਿੰਦੀ ਕਹਿੰਦੀ ਭਾਵੁਕ ਹੋ ਗਈ ਤੇ ਉਸ ਦੀਆਂ ਅੱਖੀਆਂ ਵਿਚ ਅਥਰੂ ਵਹਣ ਲਗੇ। ਕਾਸ਼ ਸਾਨੂੰ ਵੀ ਬਾਣੀ ਦੇ ਤੀਰ ਇੰਝ ਹੀ ਵਜਣ।

(ਡਾ: ਵਰਿੰਦਰਪਾਲ ਸਿੰਘ)

(ਪੰਨਾ ੩੦ ਦਾ ਬਾਕੀ).....

ਸਤਿਗੁਰ ਨੋ ਜੇਹਾ ਕੋ ਇਛਦਾ,
ਤੇਹਾ ਫਲੁ ਪਾਇ ਕੋਇ॥....
(ਗਉੜੀ ਕੀ ਵਾਰ, ਮ: ੪, ਪੰਨਾ੩੦੨)

ਪੋਥੀ ਪਰਮੇਸਰ ਕਾ ਥਾਨੁ॥
ਸਾਧ ਸੰਗਿ ਗਾਵਹਿ ਗੁਣ ਗੋਬਿੰਦ
ਪੂਰਨ ਬ੍ਰਹਮ ਗਿਆਨੁ॥ (ਸਾਰੰਗ ਮ: ੫)

ਸੋ ਜਿਹੜੇ ਸ਼ਬਦ-ਜੋਤਿ ਨੂੰ ਅਨੁਭਵ ਕਰਦੇ ਹਨ ਉਨ੍ਹਾਂ ਨੂੰ ਹੀ ਜੋਤਿ-ਚਾਨਣਾ ਪ੍ਰਾਪਤ ਹੋ ਸਕਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜਾਗਤ-ਜੋਤਿ ਸਤਿਗੁਰੂ ਹਨ।

(੪) ਕੇਵਲ "ਗੁਰਮੁਖਿ" ਅਤੇ ਰਹਿਤਵਾਨ "ਗੁਰਸਿਖ" ਹੀ ਸਿਖ ਸੰਸਥਾਵਾਂ ਦੇ ਮੈਂਬਰ ਅਤੇ ਆਗੂ ਹੋਣੇ ਚਾਹੀਦੇ ਹਨ। ਕਿਸੇ ਬੇਅੰਮ੍ਰਿਤੀਏ ਜਾਂ ਪਤਿਤ ਨੂੰ ਸਿਖ ਪ੍ਰਬੰਧਕ ਸੰਸਥਾ ਜਾਂ ਵਿਦਿਅਕ ਸੰਸਥਾ ਦੀ ਮੈਂਬਰੀ ਜਾਂ ਨੌਕਰੀ ਨਹੀਂ ਦਿਤੀ ਜਾਣੀ ਚਾਹੀਦੀ, ਭਾਵੇਂ ਉਸ ਨੇ ਕਿੰਨੀਆਂ ਵੀ ਡਿਗਰੀਆਂ ਪ੍ਰਾਪਤ ਕੀਤੀਆਂ ਹੋਣ।

(੫) ਕੇਸਾਂ ਤੇ ਦਾੜ੍ਹੀ ਦੀ ਖੁਲ੍ਹਮਖੁਲ੍ਹਾ ਬੇਅਦਬੀ ਕਰਨ ਵਾਲਿਆਂ ਨੂੰ ਕੁਝ ਨਿਸਚਿਤ ਮਾਇਕ ਭੇਟਾ ਗੁਰਧਾਮਾਂ ਤੇ ਅਰਪਣ ਕਰਨ ਵਜੋਂ ਸਿਰੋਪਾਓ ਦਿਤੇ ਜਾਂਦੇ ਹਨ। ਇਹ ਖਾਲਸਈ ਸਿਰੋਪਾਓ ਦੀ ਖੁਲ੍ਹਮਖੁਲ੍ਹਾ ਬੇਅਦਬੀ ਤੇ ਸਿਖ ਅਸੂਲਾਂ ਦਾ ਮਖੌਲ ਉਡਾਉਣ ਵਾਲੀ ਗੱਲ ਹੈ।

(੬) ਗੁਰਬਾਣੀ ਜਾਂ ਸਿਖ ਬੋਲਿਆਂ ਦੀਆਂ ਤੁਕਾਂ ਦੇ ਨਾਂ ਥੱਲੇ ਲੱਚਰ ਫ਼ਿਲਮਾਂ ਬਣਾਉਣ ਦੀ ਆਗਿਆ ਦੇ ਕੇ ਸਿੱਖ ਧਰਮ ਦੇ ਪਰਚਾਰ ਕਰਨ ਦੀ ਖ਼ਾਸ ਖ਼ਿਆਲੀ ਵਿਚ ਪੈ ਕੇ ਐਵੇਂ ਥੁੱਕੀਂ ਵੜੇ ਪਕਾਉਣ ਦਾ ਯਤਨ ਕੀਤਾ ਜਾ ਰਿਹਾ ਹੈ। ਕੌਮ ਦਾ ਲੱਖਾਂ ਰੁਪਿਆ ਇਸ ਕੋਝੇ ਢੰਗ ਰਾਹੀਂ ਪਰਚਾਰ ਕਰਨ ਲਈ ਰੋੜ੍ਹਿਆ ਜਾ ਰਿਹਾ ਹੈ, ਜੋ ਗੁਰਮਤਿ ਤੇ ਸਿੱਖ ਰਵਾਇਤ ਦੇ ਬਿਲਕੁਲ ਉਲਟ ਹੈ। ਇਹ ਸਭ ਕੁਝ ਜਾਣਦਿਆਂ ਹੋਇਆਂ ਵੀ ਇਸ ਮਨਮਤ ਨੂੰ ਠਲ੍ਹ ਪਾਉਣ ਲਈ ਅਜੇ ਤੱਕ ਕਿਸੇ ਦੀ ਅਣਖ ਨਹੀਂ ਜਾਗੀ।

ਉਪਰੋਕਤ ਵਿਚਾਰਾਂ ਦੇ ਆਧਾਰ ਤੇ ਇਹ ਨਿਰਣਾ ਕਰਨਾ ਕਿ ਪੰਥ ਕਿਸ ਹੱਦ ਤਕ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਵਿਚਰ ਰਿਹਾ ਹੈ, ਇਹ ਪਾਠਕਾਂ ਉਤੇ ਛੱਡਣਾ ਹੀ ਉਚਿਤ ਹੈ ਅਤੇ ਕਿਵੇਂ ਖਾਲਸਾ ਪੰਥ ਆਪਣੇ ਅਧਿਕਾਰ ਮਾਣ ਸਕਦਾ ਹੈ ਇਹ ਜ਼ਿੰਮੇਵਾਰ ਤੇ ਵਿਦਵਾਨ ਸੱਜਣਾਂ ਲਈ ਛੱਡਿਆ ਜਾਂਦਾ ਹੈ।



www.AKJ.Org

# ਮਾਸ ਨਿਸ਼ੇਧ

(ਵਲੋਂ-ਸ: ਗੁਰਮੀਤ ਸਿੰਘ ਜੀ,)

**ਦਇਆ ਜਾਣੈ ਜੀਅ ਕੀ, ਕਿਛੁ ਪੁੰਨੁ ਦਾਨੁ ਕਰੇਇ।।**

(ਆਸਾ ਦੀ ਵਾਰ, ਪੰਨਾ ੪੬੮)

**ਕੁੱਠਾ ਹੁੱਕਾ ਚਰਸ ਤਮਾਕੂ।**
**ਗਾਂਜਾ ਟੋਪੀ ਤਾੜੀ ਖਾਕੂ।**
**ਇਨਕੀ ਓਰ ਨ ਕਬਹੂੰ ਦੇਖੈ।**
**ਰਹਿਤਵੰਤ ਸੋ ਸਿੰਘ ਵਿਸੇਖੈ।**

(ਰਹਿਤਨਾਮਾ ਭਾਈ ਦੇਸਾ ਸਿੰਘ ਜੀ)

**ਕੁੱਠਾ ਤੇ ਝਟਕਾ**

ਇਹ ਗੱਲ ਸਮੁੱਚੇ ਖ਼ਾਲਸਾ ਪੰਥ ਵਿਚ ਪ੍ਰਵਾਨ ਹੈ ਕਿ ਕੁੱਠਾ ਖਾਣਾ ਬੱਜਰ ਕੁਰਹਿਤਾਂ ਵਿਚੋਂ ਇਕ ਹੈ। ਇਨ੍ਹਾਂ ਚਾਰ ਬੱਜਰ ਕੁਰਹਿਤਾਂ ਵਿਚੋਂ ਇਕ ਬੱਜਰ ਕੁਰਹਿਤ ਭੀ ਹੋ ਜਾਣ ਨਾਲ ਸਿੰਘ ਗੁਰਸਿਖੀ ਤੋਂ ਖਾਰਜ ਹੋ ਜਾਂਦਾ ਹੈ।

ਭਾਵੇਂ ਕੁੱਠਾ ਖਾਣਾ ਤਾਂ ਸਮੁੱਚਾ ਖ਼ਾਲਸਾ ਪੰਥ ਬੱਜਰ ਕੁਰਹਿਤ ਮੰਨਦਾ ਹੈ, ਪਰ ਪੰਥ ਵਿਚੋਂ ਹੀ ਕੁਝ ਹਿੱਸਾ ਮਾਸ ਨੂੰ ਦੋ ਭਾਗਾਂ (ਕੁੱਠਾ ਤੇ ਝਟਕਾ) ਵਿਚ ਵੰਡ ਕੇ ਝਟਕਾ ਖਾਣ ਨੂੰ ਵਾਜਿਬ ਮੰਨਣ ਲਗ ਪਿਆ ਹੈ। ਹੁਣ ਵਿਚਾਰਨ ਯੋਗ ਗੱਲ ਇਹ ਹੈ ਕਿ ਕੁੱਠੇ ਤੇ ਝਟਕੇ ਵਿਚ ਕੀ ਭੇਦ ਹੈ। ਇਹ ਗੱਲ ਤਾਂ ਪ੍ਰਤੱਖ ਹੈ ਕਿ ਕੁੱਠੇ ਦਾ ਜ਼ਿਕਰ ਗੁਰਬਾਣੀ ਤੇ ਭਾਈ ਗੁਰਦਾਸ ਜੀ ਦੀ ਬਾਣੀ ਵਿਚ ਕਈ ਥਾਂਈ ਆਇਆ ਹੈ, ਯਥਾ:-

**ਅਭਾਖਿਆ ਕਾ ਕੁਠਾ ਬਕਰਾ ਖਾਣਾ।।**

(ਆਸਾ ਦੀ ਵਾਰ, ਪੰਨਾ ੪੭੨)

**ਕੁਹਿ ਬਕਰਾ ਰਿੰਨਿ ਖਾਇਆ, ਸਭੁ ਕੋ ਆਖੈ ਪਾਇ।।**

(ਆਸਾ ਦੀ ਵਾਰ, ਪੰਨਾ ੪੭੧)

**ਅਕ ਧਤੂਰਾ ਖਾਧਿਆਂ, ਕੁਹਿ ਕੁਹਿ ਖਲ ਉਖਲਿ ਵਣਸੀ।।**

(ਵਾਰ ੨੫, ਪਉੜੀ ੧੭)

**ਕੁਹੇ ਕਸਾਈ ਬਕਰੀ, ਲਾਇ ਲੂਣ ਸੀਖ ਮਾਸ ਪਰੋਆ।।**

(ਵਾਰ ੩੭,ਪਉੜੀ ੨੧)

ਉਪਰੋਕਤ ਪੰਕਤੀਆਂ ਤੋਂ ਸਿਧ ਹੁੰਦਾ ਹੈ ਕਿ ਕੁਹਣਾ ਕਿਰਿਆ (Verb) ਹੈ, ਜਿਸ ਦਾ ਭਾਵ ਮਾਰਨਾ ਹੈ, ਕੁੱਠਾ ਵਿਸ਼ੇਸ਼ਣ (Adjective) ਮਾਰੇ ਹੋਏ ਜੀਵ ਦਾ ਨਾਮ ਪਿਆ, ਭਾਵ ਮਰਿਆ ਹੋਇਆ। ਜ਼ਬਰਦਸਤੀ ਕਰਕੇ ਮਾਰਨ ਵਾਲੇ ਨੂੰ ਕਸਾਈ ਭੀ ਕਿਹਾ ਗਿਆ । ਇਸ ਸਭ ਕੁਝ ਤੋਂ ਇਹ ਭਾਵ ਹੋਇਆ ਕਿ ਵਾਸਤਵ ਵਿਚ ਕੁੱਠਾ ਉਸ ਮਾਸ ਨੂੰ ਕਿਹਾ ਜਾਂਦਾ ਹੈ ਜੋ ਜਾਨਵਰ ਜੀਅ ਨੂੰ ਮਾਰ ਕੇ ਪ੍ਰਾਪਤ ਕੀਤਾ ਜਾਵੇ।

ਹੁਣ ਦੂਸਰੇ ਸ਼ਬਦ ਝਟਕੇ ਨੂੰ ਵਿਚਾਰੀਏ ਤਾਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜਾਂ ਹੋਰ ਕਿਸੇ ਭੀ ਪੁਰਾਤਨ ਗੁਰਮਤਿ ਗ੍ਰੰਥ ਵਿਚ ਝਟਕੇ ਦਾ ਨਾਮ ਤਕ ਨਹੀਂ ਮਿਲਦਾ। ਫਿਰ ਇਹ ਹੈਰਾਨ ਕਰ ਦੇਣ ਵਾਲੀ ਗੱਲ ਹੈ ਕਿ ਇਕ ਘਿਰਣਾ ਯੋਗ ਵਸਤੂ ਨੂੰ, ਝਟਕੇ ਦਾ ਮਨਘੜਤ ਨਾਮ ਦੇ ਕੇ ਸਿੰਘਾਂ ਨੂੰ ਪਤਿਤ ਕਰ ਦੇਣ ਵਾਲੀ ਸ਼ੈ ਦੀ ਵਰਤੋਂ ਪਰਚਲਿਤ ਕਰ ਦਿਤੀ ਗਈ। ਹੁਣ ਤਕ ਪੰਥ ਵਿਚ ਕਿਸੇ ਨੇ ਇਹ ਖੋਜ ਨਹੀਂ ਕੀਤੀ ਕਿ ਝਟਕੇ ਦਾ ਨਾਮ ਕਿਸ ਗ੍ਰੰਥ ਨੇ ਪ੍ਰਵਾਨ ਕੀਤਾ ਹੈ। ਇਹ ਭੀ ਕਿਤੇ ਸਿੱਧ ਨਹੀਂ ਕਿ ਝਟਕੇ ਦਾ ਨਾਮ ਕਿਥੋਂ ਤੇ ਕਿਨ੍ਹਾਂ ਹਾਲਤਾਂ ਵਿਚ ਕਿਸ ਦੁਆਰਾ ਪ੍ਰਚਲਤ ਹੋਇਆ। ਕਿਸੇ ਭੀ ਗੁਰਮਤਿ ਪ੍ਰਵਾਨ ਪੁਰਾਤਨ ਤਵਾਰੀਖ਼ੀ ਹਵਾਲੇ ਨਾਲ ਇਹ ਪੁਸ਼ਟੀ ਨਹੀਂ ਹੁੰਦੀ ਕਿ ਝਟਕਾ ਖਾਣਾ ਦਸ ਗੁਰੂਆਂ ਵਿਚੋਂ ਕਿਸੇ ਭੀ ਗੁਰੂ ਸਾਹਿਬਾਨ ਨੇ ਵਾਜਿਬ ਕਰਾਰ ਦਿਤਾ ਹੋਵੇ। ਜੇ ਕਰ ਐਸਾ ਹੁੰਦਾ ਤਾਂ ਕੁੱਠੇ ਤੇ ਝਟਕੇ ਦੀਆਂ ਪਰਿਭਾਸ਼ਾਵਾਂ (Definitions) ਭੀ ਜ਼ਰੂਰ ਵਰਣਨ ਕੀਤੀਆਂ ਹੁੰਦੀਆਂ। ਇਹ ਹੈਰਾਨੀ ਦੀ ਗੱਲ ਹੈ ਕਿ ਕੁਝ ਸਮੇਂ ਤਾਂ ਇਹ ਕਿਹਾ ਜਾਂਦਾ ਰਿਹਾ ਹੈ ਕਿ ਇਕ ਫਟ ਨਾਲ ਕਤਲ ਕੀਤੇ ਬਕਰੇ ਦੇ ਮਾਸ ਨੂੰ ਝਟਕਾ ਕਿਹਾ ਜਾਂਦਾ ਹੈ ਤੇ ਇਕ ਤੋਂ ਵਧ ਫਟ ਵਜਣ ਨਾਲ ਕੁੱਠਾ ਬਣ ਜਾਂਦਾ ਹੈ, ਪਰ ਮਾਸ ਦੇ ਸ਼ੌਕੀਨ ਅੰਮ੍ਰਿਤਧਾਰੀਆਂ ਨੇ ਹੁਣ ਇਹ ਗੱਲ ਪ੍ਰਚਾਰਨੀ ਸ਼ੁਰੂ ਕਰ ਦਿਤੀ ਹੈ ਕਿ ਕਲਮਾ ਪੜ੍ਹਿਆ ਹੋਇਆ ਮਾਸ ਕੁੱਠਾ ਤੇ ਜਿਸ ਤੇ ਕਲਮਾ ਨਾ ਪੜ੍ਹਿਆ ਹੋਵੇ ਉਹ ਭਾਵੇਂ ਦਸ ਫਟ ਮਾਰ ਕੇ ਕਤਲ ਕੀਤੇ ਜੀਅ ਦਾ ਮਾਸ ਹੋਵੇ, ਉਹ ਝਟਕਾ ਹੋਵੇਗਾ। ਇਸ ਤਰ੍ਹਾਂ ਤਾਂ ਇਹ ਭੀ ਉਡੀਕ ਕਰਨੀ ਚਾਹੀਦੀ ਹੈ ਕਿ ਥੋੜ੍ਹੇ ਸਮੇਂ ਤਕ ਬਕਰਾ, ਗਾਂ,ਭੈਂਸ, ਘੋੜਾ ਆਦਿਕ ਸਭ ਪ੍ਰਕਾਰ ਦੇ ਜੀਆਂ ਦਾ ਮਾਸ, ਜਿਸ ਪਰ ਕਲਮਾ ਨਾ ਪੜ੍ਹਿਆ ਹੋਵੇ, ਝਟਕਾ ਕਿਹਾ ਜਾਣ ਲਗ ਪਏਗਾ ਤੇ ਮਾਸ-ਰਸੀਆਂ ਦੀਆਂ ਸਹੂਲਤਾਂ ਵਿਚ ਵਾਧਾ ਹੋ ਜਾਵੇਗਾ।

ਇਹ ਇਕ ਪਰਤੱਖ ਅਤੇ ਸਹੀ ਗੱਲ ਹੈ ਕਿ ਜੋ ਮਾਸ ਖਾਣ ਵਾਲੇ ਪੁਰਸ਼ ਹਨ ਉਹ ਖਾਣ ਲਗਿਆਂ ਬੁਹਤ ਹੀ ਘਟ ਪੁਛ ਗਿਛ ਕਰਦੇ ਹਨ ਕਿ ਇਹ ਕੁੱਠਾ ਜਾਂ ਝਟਕਾ ਹੈ-ਸਾਮ੍ਹਣੇ ਤਿਆਰ ਹੁੰਦਾ ਤਾਂ ਦੇਖਦਾ ਹੀ ਕੌਣ ਹੈ- ਜੋ ਮਿਲੇ ਦੁਕਾਨ ਤੋਂ ਲੈ ਕੇ ਤੁਰਦੇ ਬਣਦੇ ਹਨ ਜਾਂ ਹੋਟਲਾਂ ਤੇ ਜਿਸ ਤਰ੍ਹਾਂ ਦਾ ਬਣਿਆ ਮਿਲੇ ਖ਼ੁਸ਼ ਹੋ ਕੇ ਖ਼ਾ ਲੈਂਦੇ ਹਨ। ਕਿਡੇ ਭਾਰੀ ਅਨਰਥ ਦੀ ਗੱਲ ਹੈ ਕਿ ਜਿਸ ਲਾਨ੍ਹਤ ਸ਼ੈ ਦੇ ਵਰਤਣ ਨਾਲ ਬੱਜਰ ਕੁਰਹਿਤ



www.AKJ.Org

ਹੋ ਜਾਂਦੀ ਹੋਵੇ ਅਤੇ ਸਿੰਘ ਗੁਰਸਿਖੀ 'ਚੋਂ ਖਾਰਜ ਹੋ ਜਾਂਦਾ ਹੋਵੇ ਉਸ ਦੂਸ਼ਿਤ ਸ਼ੈ ਨੂੰ ਉਹ ਬਿਨਾਂ ਕਿਸੇ ਤਸੱਲੀ ਕੀਤਿਆਂ ਛਕ ਜਾਣ। ਇਹ ਸਭ ਕੁਝ ਦੇਖਾ ਦੇਖੀ ਦੇ ਤੇ ਸਵਾਰਥੀ ਆਗੂਆਂ ਦੇ ਪ੍ਰਚਾਰ ਦਾ ਨਤੀਜਾ ਹੈ। ਇਹ ਗੱਲ ਕਹਿਣੋਂ ਸੰਕੋਚ ਨਹੀਂ ਕੀਤਾ ਜਾ ਸਕਦਾ ਕਿ ਮੰਨੀਆਂ-ਪ੍ਰਮੰਨੀਆਂ ਪੰਥ ਪ੍ਰਸਿਧ ਮਾਸ-ਸ਼ਿਕਾਰੀ ਹਸਤੀਆਂ ਪੰਜਾਬ ਤੋਂ ਬਾਹਰ ਜਾ ਕੇ, ਜਿਥੇ ਬਹੁਤ ਥਾਈਂ ਕਲਮਾ ਪੜ੍ਹ ਕੇ ਤੇ ਇਕ ਤੋਂ ਵਧ ਫਟ ਮਾਰ ਕੇ, ਬਲਕਿ ਤਰਸਾ ਤਰਸਾ ਕੇ ਜੀਅ ਘਾਤ ਕਰਕੇ ਮਾਸ ਤਿਆਰ ਕੀਤਾ ਜਾਂਦਾ ਹੈ, ਹੋਟਲਾਂ ਤੇ ਲੋਕਾਂ ਦੇ ਘਰਾਂ ਵਿਚ ਪਲੇਟਾਂ ਛਕ ਜਾਂਦੇ ਹਨ। ਇਥੇ ਹੀ ਬਸ ਨਹੀਂ, ਕੁਝ ਚੰਗੇ ਚੰਗੇ ਕੀਰਤਨੀਏ, ਜਿਹੜੇ ਸਵੇਰੇ ਤਾਂ ਭਾਈ ਗੁਰਦਾਸ ਸਾਹਿਬ ਜੀ ਦੀਆਂ ਵਾਰਾਂ ਤੇ ਸਾਹਿਬ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਪ੍ਰਮਾਣ ਦੇ ਦੇ ਕੇ ਮਾਸ ਸ਼ਰਾਬ ਦੀ ਨਿਸ਼ੇਧੀ ਕਰਦੇ ਹਨ, ਉਹ ਆਪ ਰਾਤ ਨੂੰ ਬਾਟੇ ਭਰ ਭਰ ਕੇ ਮਾਸ ਤੇ ਸ਼ਰਾਬ ਦੀ ਵਰਤੋਂ ਕਰਦੇ ਹਨ। ਸੋ ਅੰਦਾਜ਼ਾ ਲਾਓ ਕਿ ਕੀ ਅਸਰ ਹੋਵੇਗਾ ਉਨ੍ਹਾਂ ਦੇ ਪ੍ਰਚਾਰ ਦਾ ਜੋ "ਅਵਰ ਉਪਦੇਸੈ ਆਪਿ ਨ ਕਰੈ" ਆਵਤ ਜਾਵਤ ਜਨਮੈ ਮਰੈ"।। ਅਨੁਸਾਰ ਆਪ ਆਵਾਗਉਣ ਦੇ ਅਧਿਕਾਰੀ ਬਣਦੇ ਹਨ ਅਤੇ ਦੂਸਰਿਆਂ ਨੂੰ ਗ਼ਲਤ ਨਮੂਨਾ ਪੇਸ਼ ਕਰਦੇ ਹਨ। ਵਾਹਿਗੁਰੂ ਹੀ ਇਨ੍ਹਾਂ ਆਗੂਆਂ, ਧਰਮ-ਪ੍ਰਚਾਰਕਾਂ, ਕੀਰਤਨੀਆਂ ਤੇ ਭੱਦਰ ਪੁਰਸ਼ਾਂ ਨੂੰ ਸੁਮਤਿ ਬਖ਼ਸ਼ੇ।

ਕੁੱਠੇ ਤੇ ਝਟਕੇ ਦੀ ਗੱਲ ਦਾ ਤਾਂ ਭੋਗ ਪਿਆ ਕਿ ਵਾਸਤਵ ਵਿਚ ਝਟਕਾ ਕੋਈ ਪ੍ਰਮਾਣਿਕ ਸ਼ਬਦ ਨਹੀਂ, ਜਿਸ ਦੀ ਨਾ ਕੋਈ ਖੋਜ, ਨਾ ਵਿਆਖਿਆ, ਤੇ ਨਾ ਕਿਸੇ ਗ੍ਰੰਥ ਵਿਚ ਹਵਾਲਾ। ਨਾ ਕੋਈ ਇਸ ਦੀ ਪਰਿਭਾਸ਼ਾ ਹੈ। ਕੁੱਠਾ ਮਾਸ ਦਾ ਹੀ ਨਾਮ ਹੈ ਅਤੇ ਐਸੇ ਮਾਸ ਦਾ ਜੋ ਜਬਰਨ ਕਿਸੇ ਜੀਅ ਨੂੰ ਮਾਰ ਕੇ ਤਿਆਰ ਕੀਤਾ ਹੋਵੇ।

**ਗੁਰਬਾਣੀ ਵਿਚਾਰ-**

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਾਸ ਪ੍ਰਤੀ ਉਚਾਰੇ ਹੋਏ ਸ਼ਬਦ, ਜੋ ਕੁਰਖੇਤਰ ਵਿਖੇ ਉਚਾਰਨ ਕੀਤੇ ਦਸੇ ਜਾਂਦੇ ਹਨ, ਸਾਫ਼ ਪਰਗਟ ਕਰਦੇ ਹਨ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪੰਡਤ ਨੂੰ ਸੰਬੋਧਨ ਕਰਕੇ ਉਚਾਰਨ ਕੀਤੇ ਹਨ ਕਿ ਮਾਸ ਸ਼ਬਦ ਤੋਂ ਘਿਰਣਾ ਕਰਨ ਨਾਲ ਮੋਖ ਪ੍ਰਾਪਤ ਨਹੀਂ ਹੋ ਸਕਦੀ, ਕਿਉਂਕਿ-"ਮੂੰਹ ਮਾਸੇ ਕਾ,ਜੀਭ ਮਾਸੇ ਕੀ, ਇਸਤ੍ਰੀ ਪੁਰਸ਼ ਸਭ ਮਾਸੇ ਦੇ ਹੀ ਹਨ ਇਸ ਕਰਕੇ ਮਾਸ ਤੋਂ ਪ੍ਰਾਣੀ ਨਸ ਨਹੀਂ ਸਕਦਾ, ਪਰ ਇਸ ਦਾ ਕਦਾਚਿਤ ਇਹ ਭਾਵ ਨਹੀਂ ਨਿਕਲਦਾ ਕਿ ਜੀਵ-ਹੱਤਿਆ ਕਰਕੇ ਮਾਸ ਖਾਣ ਲਈ ਸਤਿਗੁਰਾਂ ਨੇ ਪ੍ਰੇਰਨਾ ਕੀਤੀ ਹੋਵੇ। ਆਪੇ ਹੀ ਇਤਿਹਾਸਕਾਰ ਇਹ ਭੀ ਵਰਣਨ ਕਰਦੇ ਹਨ ਕਿ ਜਿਥੇ ਇਹ ਸ਼ਬਦ ਉਚਾਰਿਆ ਉਥੇ ਮਿਰਗ ਦੇ ਰਿੰਨ੍ਹੇ ਮਾਸ ਨੂੰ ਜਦੋਂ ਵਰਤਾਇਆ ਤਾਂ ਖੀਰ ਨਿਕਲੀ-ਕੀ ਲੋੜ ਸੀ ਖੀਰ ਛਕਾਉਣ ਦੀ, ਜੋ ਮਾਸ ਹੀ ਚੰਗਾ ਸਮਝਿਆ ਜਾਂਦਾ ਹੁੰਦਾ। ਸਾਰੇ ਸ਼ਬਦ ਵਿਚ ਕਿਤੇ ਮੋਏ ਜੀਵ ਦੇ ਮਾਸ ਨੂੰ ਜਾਂ ਜੀਵ ਨੂੰ ਮਾਰ ਕੇ ਮਾਸ ਖਾਣ ਦੀ ਪ੍ਰੇਰਨਾ ਨਹੀਂ ਮਿਲਦੀ। ਬਲਕਿ ਗੁਰਬਾਣੀ ਸਪਸ਼ਟ ਲਫ਼ਜ਼ਾਂ ਵਿਚ ਮਾਸ ਖਾਣ ਤੋਂ ਵਰਜਦੀ ਹੈ। ਯਥਾ-

ਕਬੀਰ ਭਾਂਗ ਮਾਛੁਲੀ ਸੁਰਾਪਾਨਿ
ਜੋ ਜੋ ਪ੍ਰਾਨੀ ਖਾਂਹਿ।।
ਤੀਰਥ ਬਰਤ ਨੇਮ ਕੀਏ,
ਤੇ ਸਭੈ ਰਸਾਤਲਿ ਜਾਂਹਿ।।੨੩੩।।
ਕਬੀਰ ਜੀਅ ਜੁ ਮਾਰਹਿ ਜੋਰੁ ਕਰਿ
ਕਹਤੇ ਹਹਿ ਜੁ ਹਲਾਲੁ।।
ਦਫਤਰੁ ਦਈ ਜਬ ਕਾਢਿ ਹੈ,
ਹੋਇਗਾ ਕਉਨੁ ਹਵਾਲੁ।।੧੯੯।।
ਕਬੀਰ ਖੂਬੁ ਖਾਨਾ ਖੀਚਰੀ,
ਜਾ ਮਹਿ ਅੰਮ੍ਰਿਤ ਲੋਨੁ।।
ਹੇਰਾ ਰੋਟੀ ਕਾਰਨੇ,
ਗਲਾ ਕਟਾਵੈ ਕਉਨੁ।।੧੮੮।। (ਸਲੋਕ ਕਬੀਰ ਜੀ)
ਬੇਦ ਕਤੇਬ ਕਹਹੁ ਮਤ ਝੂਠੇ,
ਝੂਠਾ ਜੋ ਨ ਬਿਚਾਰੈ।।
ਜਉ ਸਭ ਮਹਿ ਏਕੁ ਖੁਦਾਇ ਕਹਤ ਹਉ,
ਤਉ ਕਿਉ ਮੁਰਗੀ ਮਾਰੈ।।
(ਪ੍ਰਭਾਤੀ ਕਬੀਰ ਜੀ, ਪੰਨਾ ੧੩੫੦)

ਭਾਈ ਗੁਰਦਾਸ ਸਾਹਿਬ ਜੀ ਦੀ ਬਾਣੀ ਇਸ ਮਸਲੇ ਬਾਰੇ ਫ਼ੈਸਲਾ ਹੀ ਕਰ ਦਿੰਦੀ ਹੈ :-

ਜੋ ਕਾਸਾਈ ਉਧਰਿਆ,
ਜੀਆ ਘਾਇ ਨ ਖਾਈਐ ਭੰਗ (ਮਾਸ)।।
ਇਤੁ ਭਰਵਾਸੈ ਰਹਿਣ ਕੁਢੰਗਾ। ।
(ਵਾਰ ੩੧, ਪਉੜੀ ੯)
ਮਾਸ ਖਾਨਿ ਗਲ ਵਢਿ ਕੈ
ਹਾਲ ਤਿਨਾੜਾ ਕਉਣੁ ਹੋਵਸੀ।। (੨੫,ਪਉੜੀ੧੭)
ਮਾਸ ਖਾਨ ਗਲ ਛੁਰੀ ਦੇ,
ਹਾਲ ਤਿਨਾੜਾ ਕਉਣੁ ਅਲੇਆ।।
(ਵਾਰ ੩੭,ਪਉੜੀ੨੧)

**ਲੰਗਰ ਮਰਯਾਦਾ-**

ਪਰਤਖ ਨੂੰ ਪਰਮਾਣ ਕੀ ? ਕਿਸੇ ਗੁਰੂ ਕੇ ਲੰਗਰ


www.AKJ.Org

ਜਾਂ ਗੁਰਦੁਆਰੇ ਵਿਚ ਮਾਸ ਨਹੀਂ ਬਣਾਇਆ ਜਾ ਸਕਦਾ, ਜੇਕਰ ਕੋਈ ਆਪਣੇ ਜ਼ਾਤੀ ਸਥਾਨ ਤੇ ਇਹ ਵਧੀਕੀ ਕਰਦਾ ਭੀ ਹੈ ਤਾਂ ਉਹ ਗੁਰ-ਹੁਕਮਾਂ ਦੀ ਉਲੰਘਣਾ ਕਰਦਾ ਹੈ।

**ਇਤਿਹਾਸਕ ਹਵਾਲਾ-**

ਗੁਰੂ ਹਰਿ ਰਾਇ ਸਾਹਿਬ ਜੀ ਦਵਾਰਾ ਹੁਕਮ ਸੂਰਜ ਪ੍ਰਕਾਸ਼ ਵਿਚ ਇਉਂ ਵਰਣਨ ਹਨ :-

**ਅਮਿਖ (ਮਾਸ) ਨ ਪਰੈ ਦੇਗਿ ਸਗਲੇ ਬਰਜ ਦੀਨ।**

ਮਹਿਮਾ ਪ੍ਰਕਾਸ਼ ਵਿਚ ਕਥਨ :-

**ਮਰਦਾਨਾ ਸਿਉ ਚੌਕਾ ਹੋਇ।।**<br>
**ਭੁਗਤਿ ਪਵਿਤ੍ਰ ਪਾਵੈ ਸਭ ਕੋਇ।।**<br>
**ਮਾਸੁ ਆਦਿਕ ਲੰਗਰ ਨਹੀ ਹੋਇ।।**<br>
**ਗੁਰ ਆਗਿਆ ਕਹੀ, ਨ ਖਾਵੈ ਕੋਇ**

ਕਈ ਪੁਰਸ਼ ਇਹ ਆਖ ਦਿੰਦੇ ਹਨ ਕਿ ਗੁਰੂ ਸਾਹਿਬ ਸ਼ਿਕਾਰ ਕਰਦੇ ਸਨ। ਜੇ ਡੂੰਘੀ ਵਿਚਾਰ ਨਾਲ ਖੋਜ ਕੀਤੀ ਜਾਵੇ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਗੁਰੂ ਸਾਹਿਬ ਜੀਵਾਂ ਦੇ ਉਧਾਰ (ਕਲਿਆਣ) ਲਈ ਸ਼ਿਕਾਰ ਕਰਦੇ ਰਹੇ ਹਨ, ਮਾਸ ਦੇ ਰਸ ਭੋਗਣ ਲਈ ਨਹੀਂ।

**ਮੌਜੂਦਾ ਪ੍ਰਚਾਰ-**

ਅਜ ਕਲ੍ਹ ਦੇ ਪ੍ਰਚਾਰਕ ਮਾਸ ਛਕਣ ਲਈ ਪ੍ਰਚਾਰ ਕਰਦੇ ਹੋਏ ਜਿਥੇ ਸੰਗਤਾਂ ਵਿਚ ਆਪਣਾ ਮਾਣ ਸਤਿਕਾਰ ਗਵਾਉਂਦੇ ਹਨ, ਗੁਰ-ਹੁਕਮਾਂ ਦੀ ਉਲੰਘਣਾ ਕਰ ਕੇ ਪਾਪਾਂ ਦੇ ਅਧਿਕਾਰੀ ਵੀ ਬਣਦੇ ਹਨ। ਨਾਲ ਹੀ ਉਹ ਆਪਣੇ ਅਧੂਰੇ ਗਿਆਨ ਦਾ ਪ੍ਰਗਟਾਵਾ ਭੀ ਕਰਦੇ ਹਨ। ਕੁਝ ਸਥਾਨਾ ਤੇ ਇਹ ਭਾਸ਼ਣ ਦਿਤੇ ਜਾਂਦੇ ਹਨ ਕਿ ਬਕਰੇ ਵੱਢਣ ਨਾਲ ਮਾਰਨ ਦੀ ਰਿਹਰਸਲ ਹੁੰਦੀ ਹੈ ਤੇ ਬੀਰ ਰਸ ਉਪਜਦਾ ਹੈ ਇਸ ਲਈ ਮਾਰਸ਼ਲ ਕੌਮਾਂ ਨੂੰ ਮਾਸ ਖਾਣਾ ਜ਼ਰੂਰੀ ਹੈ।

ਉਨ੍ਹਾਂ ਪ੍ਰਚਾਰਕਾਂ ਨੂੰ ਪੁਛਿਆ ਜਾਵੇ ਕਿ ਬਕਰੇ ਤਾਂ ਕਸਾਈ ਵਢਦੇ ਹਨ ਉਨ੍ਹਾਂ ਪ੍ਰਚਾਰਕਾਂ ਜਾਂ ਛਕਣਹਾਰਿਆਂ ਦੀ ਰਿਹਰਸਲ ਕਿੱਥੇ ਹੋਈ ਤੇ ਕਿਵੇਂ ਹੋਈ ? ਇਹ ਭੀ ਸਭ ਕਲਪਿਤ ਗੱਲਾਂ ਹਨ। ਜਿੰਨੀ ਸ਼ਕਤੀ ਤੇ ਬੀਰ ਰਸ ਨਾਮ ਜਪਣ ਵਾਲੇ ਸੱਚੇ ਸੁੱਚੇ ਰਹਿਤਵਾਨ ਸਿੰਘ ਵਿੱਚ ਹੋ ਸਕਦਾ ਹੈ। ਉਤਨਾ ਕਦੇ ਭੀ ਮੁਰਦਾਰ ਖਾਣਹਾਰੇ ਤੇ ਪਸ਼ੂਆਂ ਦੇ ਹੱਡ ਚੂਸਣ -ਹਾਰੇ ਪ੍ਰਾਣੀ ਵਿਚ ਨਹੀਂ ਹੋ ਸਕਦਾ । ਇਹ ਭੀ ਮਸਾਲਾਂ ਦਿੱਤੀਆਂ ਜਾਂਦੀਆਂ ਹਨ ਕਿ ਫਲਾਂ ਸਿੰਘ ਸਾਬਤ ਬੱਕਰਾ ਖਾ ਜਾਂਦਾ ਸੀ ਤੇ ਡਟ ਕੇ ਜੰਗ ਕਰਦਾ ਸੀ । ਇਹ ਗੱਲ ਸਿੱਧ ਕਰਨੀ ਮੁਸ਼ਕਲ ਹੈ ਅਤੇ ਨਿਰੀ ਮਨੋ ਕਲਪਿਤ ਜਾਪਦੀ ਹੈ ।

ਜੇ ਇਹ ਬੀਰ-ਰਸੀ ਸ਼ਕਤੀ ਮਾਸ ਖਾਣ ਨਾਲ ਹੀ ਪੈਦਾ ਹੁੰਦੀ ਹੈ ਤਾਂ ਫਿਰ ਇਹ ਦੱਸੋ ਕਿ ਮਾਸਾਹਾਰੀ ਮੁਸਲਮਾਨ ਕੌਮ ਦੇ ਸਾਬਤ ਸਾਬਤ ਦੁੰਬੇ ਖਾ ਜਾਣ ਵਾਲੇ ਗਿਲਜੇ ਮੁੱਠੀ ਭਰ ਛੋਲਿਆਂ ਤੇ ਗੁਜ਼ਰਾਨ ਕਰਨ ਵਾਲੇ ਤੇ ਕਈ ਕਈ ਦਿਨ ਫਾਕੇ ਕੜਾਕੇ ਕਟਣ ਵਾਲੇ ਮੁੱਠੀ ਪਰ ਸਿੰਘਾਂ ਦੇ ਮੁਕਾਬਲੇ ਤੇ ਕਿਉਂ ਭਾਂਜ ਖਾ ਜਾਂਦੇ ਰਹੇ ? ਇਹ ਬੀਰ-ਰਸੀ ਸ਼ਕਤੀ ਮਾਸ ਖਾਣ ਦੇ ਅਧੀਨ ਨਹੀਂ , ਸਗੋਂ ਨਾਮ ਦੇ ਅਧੀਨ ਹੈ।

ਆਮ ਕਹਾਵਤ ਹੈ,'*ਜੈਸਾ ਖਾਈਏ ਅੰਨ ਤੈਸਾ ਹੋਵੇ ਮਨ।* ਖ਼ਾਲਸਾ ਰਾਜ ਜੋਗੀ ਹੈ , ਭਾਵ ਗ੍ਰਿਹਿਸਥ ਵਿਚ ਰਾਜ ਕਮਾਉਂਦਾ ਹੈ । ਪਰ ਇਹ ਤਾਂ ਹੀ ਸੰਭਵ ਹੈ ਜੇਕਰ ਗੁਰ ਹੁਕਮਾਂ ਤੇ ਚਲ ਕੇ ਜੀਵਨ ਬਤੀਤ ਕਰੇ । ਜਿਨ੍ਹਾਂ ਕਰਮਾਂ ਵਿਚ ਕਿਸੇ ਬਜਰ ਕੁਰਹਿਤ ਦਾ ਤਨਕ ਮਾਤਰ ਵੀ ਸ਼ੰਕਾ ਹੋਵੇ , ਖ਼ਾਲਸਾ ਉਸਦੇ ਨੇੜੇ ਨਹੀਂ ਢੁਕਦਾ , ਜਿਹਾ ਕਿ ਸਿਗਰਟ ,ਤੰਬਾਕੂ ਦਾ ਧੂੰਆਂ ਲੈਣਾ ਭੀ ਪਾਪ ਸਮਝਦਾ ਹੈ ,ਪਰ-ਤ੍ਰਿਅ ਗਮਨ ਤਾਂ ਬਹੁਤ ਦੁਰੇਡੇ ਰਿਹਾ, 'ਦੇਖ ਪਰਾਈਆਂ ਚੰਗੀਆਂ ਮਾਵਾਂ ਭੈਣਾ ਧੀਆਂ' ਜਾਣਦਾ ਹੈ, ਕੰਘਾ ਕਰਦਾ ਹੋਇਆ ਪਿਆਰ ਨਾਲ ਸਹਿਜੇ ਸਹਿਜੇ ਕੇਸਾਂ ਵਿਚ ਕੰਘਾ ਫੇਰਦਾ ਹੈ,ਐਵੇਂ ਖਿਚ ਧੂਹ ਕਰਕੇ ਕੇਸਾਂ ਦੀ ਬੇਅਦਬੀ ਕਰਦਾ ਨਹੀਂ, ਇਸੇ ਤਰ੍ਹਾਂ ਹੀ "**ਬਾਬਾ ਹੋਰ ਖਾਣਾ ਖੁਸੀ ਖੁਆਰੁ।।ਜਿਤੁ ਖਾਧੈ ਤਿਨੁ ਪੀੜੀਐ ਮਨ ਮਹਿ ਚਲਹਿ ਵਿਕਾਰ**" ਵਾਲੇ ਗੁਰ-ਹੁਕਮ ਦੀ ਰੌਸ਼ਨੀ ਵਿਚ ਵਿਕਾਰ ਉਪਜਾਊ ਮਾਸ ਵਰਗੀ ਘ੍ਰਿਣਤ ਚੀਜ਼ ਨੂੰ ਉਹ ਕਿਵੇਂ ਪਰਵਾਣ ਕਰ ਸਕਦਾ ਹੈ? ਜਦਕਿ ਕੁਠਾ ਖਾਣਾ ਬਜਰ ਕੁਰਹਿਤ ਦਰਸਾਈ ਜਾਂਦੀ ਹੋਵੇ ਤੇ ਝਟਕੇ ਦੀ ਕੋਈ ਪਰਿਭਾਸ਼ਾ ਮੌਜੂਦ ਹੀ ਨਾ ਹੋਵੇ ਤਾਂ ਫਿਰ ਮਨੋ ਕਲਪਿਤ ਦਲੀਲਾਂ ਦੀ ਬਿਨਾ ਤੇ ਪਤਿਤ ਕਰਨ ਵਾਲੇ ਕਰਮ ਦੇ ਨੇੜੇ ਭੀ ਕਿਉਂ ਢੁਕੇ ।

ਨੋਟ-:

ਕਬਾਬ ਦੇ ਸ਼ਰਾਬ ਦੀ ਗੂੜ੍ਹੀ ਯਾਰੀ ਹੈ । ਜਿਸ ਮਜਲਿਸ ਵਿਚ ਕਬਾਬ ਵਰਤੇ ਉੱਥੇ ਸ਼ਰਾਬ ਅਵੱਸ਼ ਪਹੁੰਚ ਜਾਂਦੀ ਹੈ । ਸੋ ਜਿਥੇ ਮਾਸ ਖਾਣ ਦੀ ਮਨਾਹੀ ਹੈ ਉਥੇ ਸ਼ਰਾਬ ਲਈ ਭੀ ਸਖ਼ਤ ਤਾੜਨਾ ਹੈ । ਯਥਾ ਗੁਰਵਾਕ-

**ਜਿਤੁ ਪੀਤੈ ਮਤਿ ਦੂਰਿ ਹੋਇ , ਬਰਲੁ ਪਵੈ ਵਿਚਿ ਆਇ।।**<br>
**ਆਪਣਾ ਪਰਾਇਆ ਨ ਪਛਾਣਈ , ਖਸਮਹੁ ਧਕੇ ਖਾਇ।।**<br>
**ਜਿਤੁ ਪੀਤੈ ਖਸਮੁ ਵਿਸਰੈ, ਦਰਗਹ ਮਿਲੈ ਸਜਾਇ।।**<br>
**ਝੂਠਾ ਮਦੁ ਮੂਲਿ ਨ ਪੀਚਈ , ਜੇ ਕਾ ਪਾਰਿ ਵਸਾਇ । ।**

(ਸਲੋਕ ਮ: ੩,ਪੰਨਾ ੫੫੪)



www.AKJ.Org

# ਭੰਗਾਣੀ ਦਾ ਜੁੱਧ-ਉਦਾਸੀ ਮਹੰਤ ਕਿਰਪਾਲ ਦੀ ਜ਼ਬਾਨੀ

(ਵਲੋਂ-ਪ੍ਰਿੰਸੀਪਲ ਸੁਜਾਨ ਸਿੰਘ ਜੀ)

ਮਹੰਤ ਕਿਰਪਾਲ ਜੀ ਨੇ ਦਸਣਾ ਸ਼ੁਰੂ ਕੀਤਾ- "ਸਤਿਗੁਰਾਂ ਨੇ ਇਕ ਦਿਨ ਬੇੜੀਆਂ ਤਿਆਰ ਕਰਵਾਈਆਂ ਅਤੇ ਮਾਮਾ ਜੀ ਸ੍ਰੀ ਕਿਰਪਾਲ, ਸੰਗੋਸ਼ਾਹ ਪੰਜ-ਭ੍ਰਾਤਾ, ਦੀਵਾਨ ਨੰਦ ਚੰਦ, ਸਾਹਿਬ ਚੰਦ ਆਦਿ ਸਮੇਤ ਜਮਨਾ ਨੂੰ ਪਾਰ ਕਰ ਕੇ ਪੂਰਬੀ ਕੰਢੇ ਜਾ ਉਤਰੇ। ਹੋਰ ਸਲਾਹਕਾਰ ਦੂਜੀਆਂ ਬੇੜੀਆਂ ਵਿਚ ਆਏ। ਪਾਰਲੇ ਮੈਦਾਨ ਦੀ ਤੁਰ ਫਿਰ ਕੇ ਚੰਗੀ ਤਰ੍ਹਾਂ ਘੋਖ ਕੀਤੀ ਗਈ। ਸਾਰਿਆਂ ਦੀ ਰਾਏ ਬਣੀ ਕਿ ਇਹ ਕੰਢਾ ਸਾਡੇ ਪੱਖ ਲਈ ਜੰਗ ਵਾਸਤੇ ਕਿਸੇ ਤਰ੍ਹਾਂ ਵੀ ਠੀਕ ਨਹੀਂ। ਇਕ ਤਾਂ ਆਪਣੀਆਂ ਫ਼ੌਜਾਂ ਨੂੰ ਬੇੜੀਆਂ ਤੇ ਇਸ ਪਾਰ ਲਿਆਉਣਾ ਪਵੇਗਾ ਤੇ ਨਾਲ ਸਾਰਾ ਅਸਲਾ ਵੀ ਚੁਕਾ ਕੇ ਇਧਰ ਲਿਆਉਂਣਾ ਪਵੇਗਾ। ਕੁਮਕਾਂ ਬੇੜੀਆਂ ਤੇ ਭੇਜਣੀਆਂ ਖ਼ਤਰੇ ਤੋਂ ਖ਼ਾਲੀ ਨਹੀਂ ਹੋਣਗੀਆਂ। ਜੰਗ ਦੀ ਲੋੜ ਅਨੁਸਾਰ, ਪਿਛੇ ਹਟਣ ਲਈ ਵੀ ਬਹੁਤੀ ਥਾਂ ਨਹੀਂ ਹੋਵੇਗੀ। ਦੂਜੇ ਬੰਨੇ ਪਾਰਲੇ ਕੰਢੇ ਤੇ ਪਾਉਂਟੇ ਸ਼ਹਿਰ ਦੇ ਲਾਗੇ ਜੰਗ ਰਚਣਾ ਵੀ ਜੰਗੀ ਚਾਲ ਅਨੁਸਾਰ ਠੀਕ ਨਹੀਂ ਸੀ।

"ਸ੍ਰੀ ਕਿਰਪਾਲ ਜੀ ਨੇ ਰਾਏ ਦਿੱਤੀ ਕਿ ਸਾਨੂੰ ਜੰਗ ਤਾਂ ਆਪਣੇ ਕੰਢੇ ਹੀ ਮੰਡਣਾ ਚਾਹੀਦਾ ਹੈ। ਇਸ ਤਰ੍ਹਾਂ ਇਸ ਪਾਰ ਲੜਨ ਦੇ ਜੋ ਘਾਟੇ ਸਾਨੂੰ ਹਨ, ਉਹ ਸ਼ਤਰੂ ਨੂੰ ਹੋਣਗੇ। ਹਮਲਾਵਰ ਉਹ ਹਨ। ਜੇ ਉਨ੍ਹਾਂ ਲੜਨਾ ਹੀ ਹੈ ਤਾਂ ਉਨ੍ਹਾਂ ਨੂੰ ਅਵੱਸ਼ੇ ਪਾਰ ਆਉਣਾ ਹੀ ਪਵੇਗਾ। ਉਨ੍ਹਾਂ ਨੂੰ ਜਮਨਾ ਪਾਰ ਕਰ ਲੈਣ ਦਿਤਾ ਜਾਵੇ। ਇਦਾਂ ਨਦੀ ਉਨ੍ਹਾਂ ਦੇ ਪਿਛੇ ਹੋ ਜਾਵੇਗੀ। ਗਿਰੀ ਨਦੀ ਤੇ ਜਮਨਾ ਦੇ ਵਿਚਕਾਰਲੇ ਭੰਗਾਣੀ ਦੇ ਮੈਦਾਨ ਵਿਚ ਹੀ ਉਹ ਫ਼ੌਜ ਨੂੰ ਉਤਾਰ ਸਕਦੇ ਹਨ। ਉਹ ਥਾਂ ਪਾਉਂਟੇ ਤੋਂ ਦੂਰ ਵੀ ਹੈ। ਮੈਦਾਨ ਚੌੜਾ ਘੱਟ ਹੈ ਪਰ ਜਮਨਾ ਦੇ ਕੰਢੇ ਨਾਲ ਨਾਲ ਕਾਫ਼ੀ ਲੰਮਾ ਹੈ। ਪਿਛੇ ਇਸ ਦੇ ਉੱਚਾ ਤੇ ਲੰਮਾ ਘਾਟਾ ਹੈ।

"ਦੀਵਾਨ ਨੰਦ ਚੰਦ ਨੂੰ ਉਨ੍ਹਾਂ ਦੀ ਵਿਉਂਤ ਜੱਚ ਗਈ। ਉਹ ਕਹਿਣ ਲੱਗਾ, 'ਸ੍ਰੀ ਜੀ, ਸਾਡੀਆਂ ਸੈਨਾਵਾਂ ਉੱਚੀ ਥਾਂ ਤੇ ਹੋਣ ਅਤੇ ਉਨ੍ਹਾਂ ਦੀਆਂ ਫ਼ੌਜਾਂ ਨੂੰ ਹੇਠਲੇ ਮੈਦਾਨ ਵਿਚ ਇਕੱਠਾ ਹੋਣ ਦਿਤਾ ਜਾਵੇ ਤੇ ਓਨਾ ਚਿਰ ਛੇੜ ਛਾੜ ਨਾ ਕੀਤੀ ਜਾਵੇ।'

"ਪੰਡਤ ਦਇਆ ਰਾਮ ਜੀ ਬੋਲੇ, ਇਹ ਵਿਉਂਤ ਮੇਰੇ ਦਿਲ ਵੀ ਲਗਦੀ ਹੈ। ਉੱਚੀ ਥਾਂ ਤੋਂ ਹੇਠਾਂ ਆਉਣ ਲਈ ਥਾਵਾਂ ਹਨ। ਥਲੇ ਵੀ ਬੰਦੂਕਚੀਆਂ ਦੇ ਮੋਰਚੇ ਹੋਣ। ਉਪਰੋਂ ਜੰਗੀ ਕੁਮਕਾਂ ਪਹੁੰਚਣ ਤੇ ਤਾਜ਼ਾ-ਦਮ ਹੱਲੇ ਹੋਣ।' "ਸੰਗੋਸ਼ਾਹ ਜੀ ਨੇ ਕਿਹਾ, ਠੀਕ ਹੈ, ਪੰਡਤ ਜੀ, ਠੀਕ ਹੈ। ਸਾਡਾ ਅਸਲਾਖ਼ਾਨਾ ਵੀ ਉੱਚੇ ਘਾਟੇ ਤੇ ਹੋਵੇ। ਉਥੇ ਸਾਡਾ ਰਣ-ਖੰਭਾ ਲਾਇਆ ਜਾਵੇ ਤੇ ਨਿਸ਼ਾਨ ਝੂਲਣ।' "ਜੀਵ ਮੱਲ ਜੀ ਨੇ ਕਿਹਾ,'ਸਤਿਗੁਰੋ, ਘਾਟੇ ਦੇ ਪੈਰਾਂ ਵਿੱਚ ਸਾਡੇ ਧਨਖ-ਧਾਰੀ ਤੇ ਬੰਦੂਕਚੀ ਹੋਣ ਜੋ ਦੁਸ਼ਮਨ ਦੀਆਂ ਵਧਦੀਆਂ ਅਣੀਆਂ ਨੂੰ ਫੁੰਡਣਤੇ ਫੇਰ ਸਾਡੇ ਘੋੜ-ਸਵਾਰ ਜੱਥੇ ਉਨ੍ਹਾਂ ਤੇ ਹਮਲੇ ਕਰਨ।'

"ਸਤਿਗੁਰੂ ਸਾਰੀਆਂ ਸਲਾਹਾਂ ਗ਼ੌਰ ਨਾਲ ਸੁਣਦੇ ਰਹੇ ਸਨ ਤੇ ਪਾਰੋਂ ਦਸੀਆਂ ਥਾਵਾਂ ਦਾ ਨਿਰੀਖਣ ਕਰਦੇ ਰਹੇ ਸਨ। ਇਹ ਥਾਵਾਂ ਪਹਿਲੋਂ ਵੀ ਉਨ੍ਹਾਂ ਕੋਲੋਂ ਭੁਲੀਆਂ ਹੋਈਆਂ ਨਹੀਂ ਸਨ। ਉਹ ਪ੍ਰਸੰਨ ਸਨ ਕਿ ਉਨ੍ਹਾਂ ਦੀ ਆਪਣੀ ਵਿਉਂਤ ਹੀ ਉਨ੍ਹਾਂ ਦੇ ਜੱਥੇਦਾਰ ਉਨ੍ਹਾਂ ਸਾਹਮਣੇ ਰਖ ਰਹੇ ਸਨ ਤੇ ਸਾਰਿਆਂ ਦੀ ਉਸ ਤੇ ਸਹਿਮਤੀ ਸੀ। ਸਤਿਗੁਰਾਂ ਫ਼ੁਰਮਾਇਆ, 'ਆਪ ਸਭ ਦੀਆਂ ਵਿਉਂਤਾਂ ਠੀਕ ਹਨ। ਛੋਟੀ ਮੋਟੀ ਅਦਲਾ ਬਦਲੀ ਫੇਰ ਸੋਚ ਲਈ ਜਾਵੇਗੀ।'

"ਸਾਹਿਬ ਚੰਦ ਨੇ ਕਿਹਾ, ਸਤਿਗੁਰੂ ਜੀ, ਉਸ ਘਾਟੇ ਦੀ ਉਸ ਟਿੱਬੀ ਤੇ ਰਾਮੇ ਬਾਢੀ ਦੀ ਤੋਪ ਰੱਖੀ ਜਾਵੇ। ਇਸ ਜੁੱਧ ਵਿਚ ਉਸ ਨੂੰ ਵੀ ਚਲਾ ਕੇ ਪਰਖ ਲਿਆ ਜਾਵੇ।'

"ਇਸ ਤਰ੍ਹਾਂ ਸੋਚ ਵਿਚਾਰ ਕਰ ਕੇ ਜੱਥੇਦਾਰਾਂ ਦਾ ਇਹ ਜੱਥਾ ਸ੍ਰੀ ਗੁਰੂ ਜੀ ਸਮੇਤ ਬੇੜੀਆਂ ਵਿਚ ਸਵਾਰ ਹੋ ਕੇ ਆਪਣੇ ਕੰਢੇ ਆ ਉਤਰਿਆ। ਦੂਜੇ ਦਿਨ ਹੀ ਜੰਗ-ਮੈਦਾਨ ਦੇ ਮੋਰਚੇ ਮਲੱਣ ਦੀਆਂ ਤਿਆਰਿਆਂ ਸ਼ੁਰੂ ਹੋ ਗਈਆਂ।

"ਸਤਿਗੁਰੂ ਜੀ ਦੇ ਸ਼ਰਧਾਲੂ ਸਢੌਰੇ ਵਾਲੇ ਪੀਰ ਬੁੱਧੂਸ਼ਾਹ ਦੀ ਸਿਫ਼ਾਰਸ਼ ਤੇ ਸਤਿਗੁਰਾਂ ਨੇ ਪੰਜ ਪਠਾਣ ਸਰਦਾਰਾਂ ਭੀਖਣ ਖ਼ਾਨ , ਕਾਲੇ ਖ਼ਾਨ, ਹਯਾਤ ਖ਼ਾਨ, ਨਿਜਾਬਤ ਖ਼ਾਨ ਤੇ ਜਵਾਹਰ ਖ਼ਾਨ ਨੂੰ ਸਮੇਤ ਉਨ੍ਹਾਂ ਦੇ ਮਾਤਹਿਤ ਸੌ ਸੌ ਪਠਾਣ ਸਵਾਰਾਂ ਦੇ, ਰੋਜ਼ੀਨੇ ਤੇ ਨੌਕਰ ਰੱਖਿਆ ਸੀ। ਇਹ ਪਠਾਣ ਰੋਜ਼ੀਨੇ ਲੈਂਦੇ ਤੇ ਜੰਗੀ ਕਰਤਬ ਤੇ ਕਵਾਇਦਾਂ ਕੀਤਾ ਕਰਦੇ ਸਨ। ਪਰ ਜਦ ਪਹਾੜੀਆਂ ਨਾਲ ਜੰਗ ਦਾ ਅਵਸਰ ਆਇਆ ਤਾਂ ਇਨ੍ਹਾਂ ਵਿਚੋਂ ਚਾਰ


www.AKJ.Org

ਬੇਈਮਾਨ ਹੋ ਬੈਠੇ। ਇਹ ਸਾਰੇ ਔਰੰਗਜ਼ੇਬ ਦੀ ਫ਼ੌਜ ਦੇ ਨਾਮ-ਕਟੇ ਫੌਜੀ ਸਨ। ਕਾਲੇ ਖ਼ਾਨ ਤੋਂ ਬਿਨਾਂ ਚਾਰੇ ਸਰਦਾਰ ਸਤਿਗੁਰਾਂ ਕੋਲ ਹਾਜ਼ਰ ਹੋਏ ਤੇ ਕਹਿਣ ਲੱਗੇ ਕਿ ਸਾਨੂੰ ਆਪਣੇ ਘਰ-ਘ੍ਰਾਟ ਛਡਿਆਂ ਚਿਰ ਹੋ ਗਿਆ ਹੈ ਤੇ ਨਾਲੇ ਸਾਨੂੰ ਘਰਾਂ ਤੋਂ ਸੁਨੇਹੇ ਆਏ ਹਨ ਕਿ ਸਾਡੇ ਵਿੱਚ ਬਹੁਤਿਆਂ ਦੀਆਂ ਲੜਕੀਆਂ-ਲੜਕਿਆਂ ਦੀਆਂ ਸ਼ਾਦੀਆਂ ਰੱਖੀਆਂ ਗਈਆਂ ਹਨ ਅਤੇ ਅਸੀਂ ਘਰੀਂ ਜਾਣਾ ਹੈ। ਸੋ ਸਾਡੇ ਰੋਜ਼ੀਨੇ ਚੁਕਾ ਦਿਤੇ ਜਾਣ ਤੇ ਅਸੀਂ ਅੱਜ ਹੀ ਰੁਖ਼ਸਤ ਹੋ ਜਾਵੀਏ।

"ਸਤਿਗੁਰੂ ਕਹਿਣ ਲੱਗੇ, ਦੇਖੋ ਬਈ ਖ਼ਾਨੋ, ਤੁਹਾਨੂੰ ਨੌਕਰ ਜੁੱਧਾਂ-ਜੰਗਾਂ ਲਈ ਰੱਖਿਆ ਗਿਆ ਸੀ। ਤੁਸੀਂ ਅਮਨ ਦੇ ਵੇਲੇ ਰੋਜ਼ੀਨੇ ਲੈਂਦੇ ਰਹੇ ਹੋ , ਹੁਣ ਲੜਾਈ ਦਾ ਮੌਕਾ ਆਇਆ ਹੈ ਤਾਂ ਬਹਾਨੇ ਕਰ ਕੇ ਦੌੜਦੇ ਹੋ। ਇਹ ਈਮਾਨਦਾਰੀ ਦੀ ਗੱਲ ਨਹੀਂ।'

"ਖ਼ਾਨ ਹਯਾਤ ਬੋਲਿਆ, ਗੁਰੂ ਜੀ , ਇਹ ਗੱਲ ਨਹੀਂ, ਸੱਚ-ਮੁੱਚ ਹੀ ਸਾਡੇ ਘਰੀਂ ਵਿਆਹ ਹਨ। ਵੱਡੇ ਵੱਡੇ ਖ਼ਾਨਾ ਨਾਲ ਸਾਡੇ ਰਿਸ਼ਤੇ ਹਨ। ਜੇ ਇਸ ਵੇਲੇ ਵੀ ਅਸੀਂ ਨਾ ਜਾਈਏ ਤਾਂ ਅਸੀਂ ਬਰਾਦਰੀ ਵਿੱਚੋ ਛੇਕੇ ਜਾਵਾਂਗੇ।'

"ਸਤਿਗੁਰੂ ਉਨ੍ਹਾਂ ਦੀ ਅੰਦਰਲੀ ਗੱਲ ਜਾਣਦੇ ਸਨ। ਪਰ ਫੇਰ ਵੀ ਉਹ ਬੋਲੇ, 'ਪਠਾਣੋ, ਤੁਸੀਂ ਬਹਾਦਰ ਕੌਮ ਹੋ। ਜੰਗ ਜੁੱਧ ਤੋਂ ਮੌਂਹ ਨਹੀਂ ਮੋੜਦੇ। ਪਹਿਲੋਂ ਸਿਰ ਤੇ ਆਏ ਜੰਗ ਨੂੰ ਜਿੱਤੋ, ਫੇਰ ਧਨ-ਦੌਲਤ ਲੈ ਕੇ ਘਰੀਂ ਜਾਇਓ। ਰੱਬ ਤੁਹਾਡੇ ਸਾਰੇ ਕੰਮ ਸਵਾਰੇਗਾ। ਹੁਣ ਜਾਓਗੇ ਤਾਂ ਕਾਇਰ ਅਖਵਾਓਗੇ। ਜੇ ਧਨ ਦਾ ਲਾਲਚ ਹੈ ਤਾਂ ਤੁਹਾਡਾ ਰੋਜ਼ੀਨਾ ਵਧਾ ਦਿੰਦੇ ਹਾਂ, ਦੂਣਾ ਕਰ ਦਿੰਦੇ ਹਾਂ।'

"ਨਿਜਾਬਤ ਬੋਲਿਆ, 'ਨਹੀਂ ਗੁਰੂ, ਹੁਣ ਅਸੀਂ ਰਹਿਣਾ ਈ ਨਹੀਂ। ਚਲੇ ਹੀ ਜਾਣਾ ਹੈ। ਜਿੰਨੀ ਨੌਕਰੀ ਕੀਤੀ ਹੈ, ਰੋਜ਼ੀਨਾ ਲੈ ਲਿਆ ਹੈ। ਜੋ ਥੋੜਾ ਰਹਿੰਦਾ ਹੈ,ਹੁਣ ਦੇ ਦਿਓ। ਮੁੜ ਆਵਾਂਗੇ ਤਾਂ ਹੁਲੀਏ ਲਿਖਾ ਕੇ ਫੇਰ ਨੌਕਰ ਹੋ ਜਾਵਾਂਗੇ। ਹੁਣ ਸਾਨੂੰ ਛੁੱਟੀ ਹੀ ਦਿਓ।'

"ਸਤਿਗੁਰਾਂ ਹੋਰ ਰੋਜ਼ੀਨਾ ਵਧਾ ਦੇਣ ਲਈ ਕਹਿ ਕੇ ਪਰਖ ਲਿਆ ਕਿ ਇਨ੍ਹਾਂ ਨੂੰ ਕੋਈ ਹੋਰ ਵੱਡਾ ਲੋਭ ਹੈ ਤੇ ਇਹ ਨਿਮਕ-ਹਰਾਮ ਹੋ ਚੁੱਕੇ ਹਨ। ਦੂਰ-ਦਰਸੀ ਸਤਿਗੁਰੂ ਜਾਣਦੇ ਸਨ ਕਿ ਇਹ ਗੁਰੂ ਘਰ ਦੇ ਅਖੁੱਟ ਖ਼ਜ਼ਾਨੇ ਨੂੰ ਦੇਖ ਕੇ ਦੁਸ਼ਮਨ ਨਾਲ ਮਿਲ ਗਏ ਹੋਏ ਹਨ। ਉਨ੍ਹਾਂ ਨੂੰ ਛੁੱਟੀ ਨਾ ਦਿੱਤੀ ਅਤੇ ਖ਼ਾਨ ਬਿਨਾ ਛੁੱਟੀ ਲਿਆ ਹੀ ਤੁਰ ਪਏ।

"ਡੇਰੇ ਆਏ ਤਾਂ ਕਾਲੇ ਖ਼ਾਨ ਆਪਣੇ ਸੌ ਸਵਾਰਾਂ ਸਮੇਤ ਬੈਠਾ ਸੀ। ਚਾਰ ਸਰਦਾਰ ਆਪਣੇ ਚਾਰ ਸੌ ਜਵਾਨਾਂ ਨਾਲ ਤੁਰਨ ਦੀਆਂ ਤਿਆਰਿਆਂ ਕਰਨ ਲੱਗੇ ਤਾਂ ਕਾਲੇ ਖ਼ਾਨ ਨੂੰ ਵੀ ਤੁਰ ਚੱਲਣ ਲਈ ਕਿਹਾ। ਪਰ ਕਾਲੇ ਖ਼ਾਨ ਨੇ ਉਨ੍ਹਾ ਨੂੰ ਧਿਰਕਾਇਆ ਤੇ ਕਿਹਾ, 'ਤੁਸੀਂ ਨਿਮਕ-ਹਰਾਮ ਹੋ ਗਏ । ਮੇਰਾ ਤੁਹਾਡੇ ਨਾਲ ਕੀ ਵਾਸਤਾ ਹੈ ? ਤੁਸੀਂ ਅੱਲਾ ਦੇ ਸਾਹਮਣੇ ਗੁਨਹਗਾਰ ਸਾਬਤ ਹੋਵੋਗੇ ਤੇ ਤੁਹਾਨੂੰ ਤਸੀਹੇ ਮਿਲਣਗੇ।'

"ਚਾਰੇ ਖ਼ਾਨ ਖਿੜ-ਖਿੜਾ ਕੇ ਹੱਸ ਪਏ। ਭੀਖਣ ਖ਼ਾਨ ਕਹਿਣ ਲੱਗਾ, 'ਤੂੰ ਕਿਤੇ ਗੁਰੂ ਦਾ ਸਿੱਖ ਤੇ ਨਹੀਂ ਬਣ ਗਿਆ? ਜਿਸ ਕੰਮ ਸਾਨੂੰ ਦਿੱਲੀਓ ਭੇਜਿਆ ਗਿਆ ਸੀ, ਭੁੱਲ ਗਿਆ ਹੈਂ ? ਅਸੀਂ ਬੁੱਧੂ ਸ਼ਾਹ ਵਰਗੇ ਬੁੱਧੂ ਨਹੀਂ। ਈਮਾਨ ਤੇ ਕਾਇਮ ਹਾਂ। ਕਾਫ਼ਰ ਗੁਰੂ ਨੂੰ ਧੋਖਾ ਦੇਣਾ ਈਮਾਨ ਹੈ।'

"ਕਾਲੇ ਖ਼ਾਨ ਨੂੰ ਇਨ੍ਹਾਂ ਦੀ ਅਕਲ ਤੇ ਹਾਸਾ ਆਇਆ। ਉਸ ਨੇ ਕਿਹਾ, 'ਜੋ ਹੋਵੇ, ਮੈਂ ਤੇ ਗੁਰਾਂ ਦੇ ਨਾਲ ਨਿਭਾਗਾ। ਮੇਰੇ ਸਵਾਰੇ ! ਜੇ ਤੁਸੀਂ ਵੀ ਇਨ੍ਹਾਂ ਦੇ ਨਾਲ ਜਾਣਾ ਹੈ ਤਾਂ ਚਲੇ ਜਾਓ। ਸਭ ਦਾ ਈਮਾਨ ਆਪੋ ਆਪਣਾ ਹੈ।

"ਪਰ ਉਸ ਦੇ ਸਵਾਰਾਂ ਨੇ ਉਸ ਦਾ ਸਾਥ ਛੱਡਣੋਂ ਨਾਹ ਕਰ ਦਿੱਤੀ।

"ਇੰਨੇ ਨੂੰ ਸੰਗੋ ਸ਼ਾਹ ਜੀ ਉਥੇ ਆ ਪਹੁੰਚੇ। ਸੰਗੋ ਸ਼ਾਹ ਤੇ ਨਿਜਾਬਤ ਜੋੜ ਦੇ ਸੂਰਮੇ ਸਨ। ਦੋਹਾਂ ਦਾ ਅਕਸਰ ਅਸਤਰ ਸ਼ਸਤਰ ਵਿਦਿਆ ਵਿਚ ਮੁਕਾਬਲਾ ਹੁੰਦਾ ਸੀ। ਉਹ ਸਤਿਗੁਰਾਂ ਤੋਂ ਆਗਿਆ ਲੈ ਕੇ ਆਪਣਾ ਅਸਰ ਰਸੂਖ਼ ਵਰਤ ਕੇ ਉਨ੍ਹਾਂ ਨੂੰ ਰੋਕਣ ਆਏ ਸਨ। ਪਰ ਚਹੁੰਆਂ ਸਰਦਾਰਾਂ ਨੇ ਉਸ ਦੀ ਇਕ ਵੀ ਨਾ ਸੁਣੀ। ਸੰਗੋ ਸ਼ਾਹ ਨੇ ਆਪਣੀ ਵਲੋਂ ਇਥੋਂ ਤਕ ਵੀ ਕਹਿ ਦਿਤਾ ਕਿ ਜਿੱਤ ਹਾਸਲ ਕਰਨ ਮਗਰੋਂ ਵਧੇ ਹੋਏ ਰੋਜ਼ੀਨੇ ਤੋਂ ਇਲਾਵਾ ਸਰਦਾਰਾਂ ਨੂੰ ਰੁਪਈਆਂ ਦੀ ਭਰ ਕੇ ਇੱਕ ਇੱਕ ਢਾਲ ਹੋਰ ਦਿੱਤੀ ਜਾਵੇਗੀ। ਪਰ ਉਹ ਫਿਰ ਵੀ ਚਲੇ ਗਏ। ਸੰਗੋ ਸ਼ਾਹ ਜੀ ਦੀ ਸਲਾਹ ਬਣੀ ਕਿ ਉਨ੍ਹਾਂ ਨੂੰ ਲੁੱਟ-ਮਾਰ ਕੇ ਸਜ਼ਾ ਦਿੱਤੀ ਜਾਵੇ, ਪਰ ਕਿਰਪਾ-ਨਿਧਾਨ ਕਲਗੀਧਰ ਜੀ ਨੇ ਕਿਹਾ ਕਿ ਉਨ੍ਹਾਂ ਨੂੰ ਜਾਣ ਦਿਓ, ਉਨ੍ਹਾਂ ਦੀ ਮੌਤ ਆਈ ਹੋਈ ਹੈ, ਪਰ ਅਜੇ ਉਹ ਸਮਾਂ ਨਹੀਂ ਪੁੱਗਾ।

"ਜਦ ਸੰਗੋ ਸ਼ਾਹ ਨੇ ਦੱਸਿਆ ਕਿ ਕਾਲੇ ਖ਼ਾਂ ਬੇਈਮਾਨ ਨਹੀਂ ਹੋਇਆ ਅਤੇ ਆਪਣੇ ਸਵਾਰਾਂ ਸਮੇਤ ਪੂਰੇ ਯਕੀਨ ਨਾਲ ਛਾਵਣੀ ਵਿਚ ਬੈਠਾ ਹੋਇਆ ਹੈ



www.AKJ.Org

ਤਾਂ ਸਤਿਗੁਰਾਂ ਨੇ ਉਸ ਨੂੰ ਸਦ ਬੁਲਾਇਆ। ਉਸ ਦੇ ਈਮਾਨ ਦੀ ਪਰਸੰਸਾ ਕੀਤੀ। ਬਿਨਾਂ ਜੰਗ ਲੜਿਆਂ ਉਸ ਦੀ ਜੰਗੀ ਸੇਵਾ ਪਹਿਲੋਂ ਹੀ ਪਰਵਾਨ ਕਰ ਲਈ। ਇਕ ਦੁਸ਼ਾਲਾ ਸਿਰੋਪਾਓ ਵੱਜੋਂ ਦਿੱਤਾ ਤੇ ਰੁਪਈਆਂ ਦਾ ਵਾਲਾ ਵੀ ਭਰ ਕੇ ਬਖ਼ਸ਼ਿਆ। ਸਵਾਰਾਂ ਨੂੰ ਇਕ ਮਹੀਨੇ ਦਾ ਰੋਜ਼ੀਨਾ ਵਧ ਦਿੱਤਾ ਅਤੇ ਜੰਗ ਸ਼ੁਰੂ ਹੋ ਜਾਣ ਤੋਂ ਪਹਿਲਾਂ ਹੀ ਰੁਖ਼ਸਤ ਹੋ ਜਾਣ ਦੀ ਛੁੱਟੀ ਦਿੱਤੀ। ਸਤਿਗੁਰਾਂ ਨੂੰ ਕਾਲੇ ਖ਼ਾਨ ਤੇ ਕੋਈ ਸੰਦੇਹ ਨਹੀਂ ਸੀ, ਪਰ ਉਹ ਜਾਣਦੇ ਸਨ ਕਿ ਰਾਜਨੀਤੀ ਇਸੇ ਵਿਚ ਹੈ, ਅਤੇ ਇਸ ਦੇ ਰਹਿਣ ਨਾਲ ਜੱਥੇਦਾਰਾਂ ਵਿਚ ਇਸ ਤੇ ਸ਼ਕ ਉਨ੍ਹਾਂ ਦੇ ਉਤਸ਼ਾਹ ਨੂੰ ਘਟਾਏਗਾ।

"ਉਸੇ ਦਿਨ ਇਸ ਘਟਨਾ ਬਾਰੇ ਇਕ ਚਿੱਠੀ ਪੀਰ ਬੁੱਧੂ ਸ਼ਾਹ ਨੂੰ ਸੁਢੌਰੇ ਭੇਜ ਦਿੱਤੀ। ਇਧਰ ਭੀਖਣ ਖ਼ਾਨ, ਆਦਿ ਚਾਰੇ ਸਰਦਾਰ ਜਮਨਾ ਪਾਰ ਕਰ ਕੇ ਫ਼ਤਿਹ ਸ਼ਾਹ ਨੂੰ ਅੱਗੋ ਜਾ ਮਿਲੇ। ਫ਼ਤਿਹ ਸ਼ਾਹ ਨੇ ਉਨ੍ਹਾਂ ਨੂੰ ਆਦਰ ਦਿੱਤਾ। ਅਤੇ ਉਨ੍ਹਾਂ ਤੋਂ ਗੁਰੂ ਸਾਹਿਬ ਦੀਆਂ ਫ਼ੌਜੀ ਤਿਆਰੀਆਂ ਬਾਰੇ ਤੇ ਵੱਡੇ ਜੋਧਿਆਂ ਦੀ ਗਿਣਤੀ ਬਾਰੇ ਜਾਣਕਾਰੀ ਮੰਗੀ। ਭੀਖਣ ਖ਼ਾਨ ਨੇ ਖ਼ੁਸ਼ੀ ਖ਼ੁਸ਼ੀ ਗੁਰੂ-ਘਰ ਦੇ ਭੇਤ ਦੱਸਣੇ ਸ਼ੁਰੂ ਕੀਤੇ । ਕਹਿਣ ਲੱਗਾ, ਸਾਥੋਂ ਬਿਨਾਂ ਗੁਰੂ ਕੋਲ ਹੋਰ ਫ਼ੌਜ ਕਿਹੜੀ ਹੈ ? ਸਾਨੂੰ ਆਪਣੇ ਪਾਸ ਦੇਖ ਕੇ ਲੜਨ ਲਈ ਤਿਆਰ ਹੋ ਪਿਆ। ਤੁਹਾਥੋਂ ਡਰ ਕੇ ਸਾਡੇ ਰੋਜ਼ੀਨੇ ਵਧਾ ਕੇ ਵੀ ਲੜਨ ਲਈ ਪ੍ਰੇਰਿਆ, ਪਰ ਅਸੀਂ ਨਾ ਮੰਨਣਾ ਸੀ, ਨਾ ਮੰਨੇ। ਬਾਕੀ ਫ਼ੌਜ ਤੇ ਰੱਬ ਦਾ ਨਾ ਹੀ ਹੈ। ਗਵਾਰ ਨਾਈ, ਝੀਊਰ, ਛੀਂਬੇ, ਚੂੜੇ ,ਚਮਾਰ ਇੱਕਠੇ ਕੀਤੇ ਹੋਏ ਹਨ। ਉਨ੍ਹਾਂ ਨੂੰ ਤਾਂ ਇਹ ਵੀ ਪਤਾ ਨਹੀਂ ਕਿ ਸ਼ਸਤਰ ਫੜੀਦੇ ਕਿਵੇਂ ਹਨ। ਹਾਂ ਗੁਰੂ ਆਪ ਇਕ ਭਾਰੀ ਜੋਧਾ ਹੈ। ਬਾਕੀ ਗੁਰੂ ਦਾ ਮਾਮਾ, ਪੰਜ ਭੂਆ ਦੇ ਪੁੱਤਰ, ਦੀਵਾਨ ਨੰਦ ਚੰਦ, ਪ੍ਰੋਹਤ ਦਯਾ ਰਾਮ, ਆਦਿ ਉਂਗਲਾਂ ਤੇ ਗਿਣੇ ਜਾਣ ਵਾਲੇ ਜੋਧੇ ਹਨ। ਹੋਰ ਇਕ ਫ਼ਕੀਰਾਂ ਦੀ ਭੀੜ ਹੈ। ਉਨ੍ਹਾਂ ਕੀ ਲੜਨਾ ਹੈ ? ਤੁਸੀਂ ਐਡੀ ਸੈਨਾ ਲੈ ਕੇ ਆਏ ਹੋ, ਉਨ੍ਹਾਂ ਲਈ ਤਾਂ ਅਸੀਂ ਹੀ ਕਾਫ਼ੀ ਹਾਂ। ਗੁਰੂ ਦਾ ਖ਼ਜ਼ਾਨਾ ਬਹੁਤ ਵੱਡਾ ਹੈ। ਉਸ ਵਿਚ ਭਾਂਤ ਭਾਂਤ ਦੀ ਦੌਲਤ ਹੈ। ਅਸੀਂ ਤੁਹਾਥੋਂ ਤਨਖ਼ਾਹਾਂ ਨਹੀਂ ਲਵਾਂਗੇ । ਤੁਸੀਂ ਸਾਨੂੰ ਖ਼ਜ਼ਾਨੇ ਦੀ ਲੁੱਟ ਮੁਆਫ਼ ਕਰ ਦਿਓ, ਫੇਰ ਦੇਖੋ ਅਸੀਂ ਕੀ ਹੱਥ ਵਿਖਾਉਂਦੇ ਹਾਂ। ਤੁਸੀਂ ਫ਼ਤਹ ਹਾਸਲ ਕਰਨੀ ਤੇ ਅਸੀਂ ਖ਼ਜ਼ਾਨਾ ਹਾਸਲ ਕਰਾਂਗੇ।'

"ਇਹੋ ਜਹੀਆਂ ਗੱਲਾਂ ਸੁਣ ਕੇ ਫ਼ਤਿਹ ਸ਼ਾਹ ਬਹੁਤ ਖ਼ੁਸ਼ ਹੋਇਆ ਅਤੇ ਸਰਦਾਰਾਂ ਤੇ ਪਠਾਣਾਂ ਨੂੰ ਆਪਣੀ ਸੈਨਾ ਵਿਚ ਰੱਖ ਲਿਆ। ••••••••••••

## ਸਤਿਗੁਰੂ ਜੀ ਅੱਗੇ ਬੇਨਤੀ

ਨਰਿੰਦਰ ਕੌਰ ਫੇਰੋਚੇਚੀ (ਗੁਰਦਾਸਪੁਰ)

ਤੁਹਾਡੇ ਦਰ ਤੇ ਕਰਾਂ ਅਰਜੋਈ ਸਤਿਗੁਰੂ ਜੀ<br>
ਮੈਨੂੰ ਵੀ ਨਾਮ ਜਪਾ ਦਿਉ।<br>
ਮੈਂ ਮੂਰਖ, ਮੈਂ ਨੀਚ ਅਣਜਾਣ ਸਤਿਗੁਰੂ ਜੀ,<br>
ਮੈਨੂੰ ਵੀ ਸੇਵਾ ਕਰਨੀ ਸਿਖਾ ਦਿਉ।।<br>
ਅਸੀਂ ਅਪਰਾਧੀ ਸਦਾ ਹੀ ਭੁਲਨ ਹਾਰ,<br>
ਤੁਸੀ ਬਖਸ਼ਣਹਾਰ ਨਾਮ ਬਾਣੀ ਨਾਲ ਪ੍ਰੇਮ ਪਾ ਦਿਉ।।<br>
ਤੁਸੀ ਦਾਤਾਂ ਦੇ ਭੰਡਾਰੀ ਦਿਆਲੂ ਮਿਹਰਵਾਨ ਸਤਿਗੁਰੂ ਜੀ<br>
ਅਸੀ ਨਾਮ ਵਿਹੂਣੇ, ਜਿਹੇ ਜਿਊਣ ਤੋਂ ਬਚਾ ਦਿਉ।<br>
ਤੁਹਾਡੇ ਦਰ ਤੇ ਹੀ ਮੰਗਣਾਂ ਹੈ ਸਤਿਗੁਰੂ ਜੀ।<br>
ਨਾਮ ਬਾਣੀ ਦੀ ਖੈਰ ਪਾ ਦਿਉ।।<br>
ਅਸੀ ਅਵਗਣਹਾਰ ਗੁਣ ਨਹੀਂ ਕੋਈ।।<br>
ਤੁਸੀ ਭੁੱਲੇ ਭਟਕਿਆਂ ਨੂੰ ਰਾਹੇ ਪਾ ਦਿਉ।।<br>
ਤੁਸੀ ਭੁੱਲੇ ਭਟਕਿਆਂ ਨੂੰ ਰਾਹੇ ਪਾ ਦਿਉ।।

■■■■■■■■■■■■■

## ਰੱਬਾ ਖੈਰ ਕਰੀ

ਮੈਂ ਪੰਥ ਦੀ ਇਕ ਸਿਰਕੱਢ ਜਥੇਬੰਦੀ ਦੇ ਮਾਣਯੋਗ ਬਜ਼ੁਰਗ ਦੇ ਘਰ ਕਿਸੇ ਪੰਥਕ ਕਾਰਜ ਲਈ ਵਿਚਾਰਾਂ ਕਰਨ ਗਿਆ। ਪਰਿਵਾਰ ਤੇ ਗੁਰਮਤਿ ਦੀ ਰੰਗਤ ਮੰਨੀ ਜਾਂਦੀ ਹੈ। ਉਹਨਾਂ ਦੀ ਬੱਚੀ ਦਾ ਆਨੰਦ ਕਾਰਜ ਕੁਝ ਦਿਨ ਪਹਿਲਾਂ ਹੀ ਹੋਇਆ ਸੀ। ਬਜ਼ੁਰਗਾਂ ਨਾਲ ਪੰਥਕ ਚੁਨੌਤੀਆਂ ਤੇ ਵਿਚਾਰਾ ਕਰ ਰਿਹਾ ਸੀ। ਬਜ਼ੁਰਗ ਨੇ ਵਿਚਾਰਾਂ ਤਾਂ ਸੁਣ ਲਈਆ ਪਰ ਅਚਨਚੇਤ ਹੀ ਵਿਸ਼ਾ ਤਬਦੀਲ ਕਰਦੇ ਹੋਏ ਬੜੇ ਮਾਣ ਨਾਲ ਆਖਣ ਲਗੇ, ਸਾਡੀ ਬੱਚੀ ਕਹਿੰਦੀ ਹੈ "ਮੈਂ ਹੁਣ ਜੱਟੀ ਬਣ ਗਈ " ਬੱਚੀ ਦਾ ਆਨੰਦ ਕਾਰਜ "ਜੱਟ ਬਰਾਦਰੀ ਵਿਚ ਹੋਇਆ ਸੀ) ਰੱਬਾ ਖੈਰ ਕਰੀ। ਸਾਡੇ ਪੰਥਕ ਜਥੇਦਾਰਾਂ ਦੇ ਪਰਿਵਾਰ ਵੀ ਅਜੇ ਇੱਥੇ ਹੀ ਖੜੇ ਹਨ।

(ਡਾ. ਵਰਿੰਦਪਾਲ ਸਿੰਘ)

■■■■■■



www.AKJ.Org

# ਸ਼ਹੀਦੀ ਗੁਰੂ ਅਰਜਨ ਦੇਵ ਜੀ

(ਗੁਰਦੇਵ ਸਿੰਘ ਗੌਹਰ)

(੧) ਮੀਆਂ ਮੀਰ ਨੂੰ ਕਿਸੇ ਜਾ ਕਹਿਆ, ਕਹਿਰ ਵਰਤਦਾ ਏ ਕੀ ਜਹਾਨ ਉਤੇ।
ਦੋਸ਼ ਫਰਿਸ਼ਤਿਆਂ ਉਤੇ ਜਦ ਲਗ ਰਹੇ ਨੇ, ਮਿਹਰ ਕਰੂਗਾ ਕੌਣ ਇਨਸਾਨ ਉਤੇ।
ਚੌਹੀਂ ਪਾਸੀਂ ਸਰੀਰ ਦੇ ਅੱਗ ਬਲਦੀ, ਰੇਤ ਪਵੇ ਮਲੂਕੜੀ ਜਾਨ ਉਤੇ।
ਮਾਰ ਪਵੇ ਰੱਬਾਂ ਇਨ੍ਹਾਂ ਭੇੜਿਆਂ ਨੂੰ, ਦੋਸ਼ ਲਾਏ ਨੇ ਜਿਹਨਾਂ ਭਗਵਾਨ ਉਤੇ।
ਕਿਹੜੀ ਦੁਨੀਆਂ ਵਿੱਚ ਤੂੰ ਘੁੰਮ ਰਿਹੈਂ,,ਕਿੱਥੇ ਗਿਆ ਓਹ ਅੱਜ ਪਿਆਰ ਤੇਰਾ।
ਹੁੱਣ ਜਾ ਕੇ ਆਪ ਤੂੰ ਖਬਰ ਕਰ ਲੈ, ਤੱਤੀਆਂ ਤਵੀਆਂ ਤੇ ਬੈਠਾ ਏ ਯਾਰ ਤੇਰਾ।

(੨) ਸੁਣਦੇ ਸਾਰ ਹੀ ਦਿਲ ਨੂੰ ਧੂ ਪੈ ਗਈ, ਅੱਖਾਂ ਸਾਹਮਣੇ ਹਨ੍ਹੇਰਾ ਛਾ ਗਇਆ।
ਢਿੱਲੇ ਸਾਰੇ ਸਰੀਰ ਦੇ ਅੰਗ ਹੋਏ,ਅੰਗ ਅੰਗ ਸਰੀਰ ਕੁਮਲਾ ਗਇਆ।
ਪੀਲਾ ਬਦਲ ਕੇ ਚਿਹਰੇ ਦਾ ਰੰਗ ਹੋਇਆ, ਸੁੱਕੀ ਕਲੀ ਦੇ ਵਾਂਗ ਮੁਰਝਾ ਗਇਆ।
ਇਹ ਕੀ ਪ੍ਰਮਾਤਮਾ ਸਾਡੇ ਤੇ ਵਖਤ ਪਾਇਆ, ਵੇਲਾ ਕਿਹਾ ਪ੍ਰਮਾਤਮਾ ਆ ਗਇਆ।
ਅੱਖਾਂ ਮੀਟ ਦਾਤਾਰ ਦਾ ਕਰ ਚੇਤਾ, ਕੁਝ ਚਿਰ ਲਈ ਅੰਤਰ ਧਿਆਨ ਹੋ ਗਏ।
ਗਲ ਪਾ ਪੱਲਾ, ਫੜੀ ਹੱਥ ਮਾਲਾ, ਗੁਰੂ ਬਾਬੇ ਵੱਲ ਰਵਾਨ ਹੋ ਗਏ।

(੩) ਦੂਰੋਂ ਦੇਖ ਦ੍ਰਿਸ਼ ਨੂੰ ਧਾ ਨਿਕਲੀ, ਨੀਰ ਅੱਖੀਆਂ ਵਿਚੋਂ ਬਹਿਣ ਲੱਗਾ।
ਅੱਖਾਂ ਪਥਰੀਆਂ ਬੰਦ ਜ਼ਬਾਨ ਹੋ ਗਈ, ਵੱਟ ਕਾਲਿਜੇ ਅੰਦਰ ਪੈਣ ਲੱਗਾ।
ਪ੍ਰੇਮ ਡੁਲ੍ਹਿਆ ਅੰਦਰੋਂ ਉੜਕਾਂ ਦਾ, ਆ ਚਰਨਾਂ ਉਤੇ ਢੈਣ ਲੱਗਾ।
ਚਰਨ ਪ੍ਰਸਿਆਂ ਕੁੱਝ ਜਾਂ ਸੁਰਤ ਸੰਭਲੀ, ਇਦਾਂ ਗੁਰੂ ਦਾ ਲਾਡਲਾ ਕਹਿਣ ਲੱਗਾ।
ਦਿਓ ਆਗਿਆ, ਗੁਰੂ ਜੀ ਬਲ ਬਖਸ਼ੋ, ਹੁਣੇ ਧਰਤ ਆਕਾਸ਼ ਹਿਲਾ ਦੇਵਾਂ।
ਜਹਾਂ ਗੀਰੀ ਤਖ਼ਤ ਨੂੰ ਕਰਾਂ ਉਲਟਾ, ਨਾਲ ਇੱਟ ਦੇ ਇੱਟ ਖੜਕਾ ਦੇਵਾਂ।

(੪) ਅਗੋਂ ਹੱਸ ਦਾਤਾਰ ਨੇ ਇਹ ਕਹਿਆ, ਕਿਉਂ ਨਹੀਂ ਆਪਣੇ ਗੁੱਸੇ ਨੂੰ ਮਾਰਦਾ ਤੂੰ।
ਲੱਖਾਂ ਔਕੜਾਂ ਪੈਂਦੀਆਂ ਜਾਨ ਉਤੇ, ਕਿਉਂ ਨਹੀ ਹੱਸ ਕੇ ਇਹ ਸਹਾਰਦਾ ਤੂੰ।
ਜਿਵੇਂ ਉਸ ਭਾਵੇ ਤਿਵੇਂ ਹੋਈ ਜਾਵੇ, ਭਾਣਾ ਮੰਨ ਲੈ ਉਸ ਕਰਤਾਰ ਦਾ ਤੂੰ।
ਤੈਨੂੰ ਪਤਾ ਨਹੀਂ ਇਹ ਸਭ ਕਿਉਂ ਹੋਵੇ, ਪੂਰੀ ਗੱਲ ਨਹੀਂ ਦਿਲੋਂ ਵਿਚਾਰਦਾ ਤੂੰ।
ਚੰਗੇ ਕੰਮ ਲਈ ਕਦੀ ਜੇ ਜਿੰਦ ਲਗੇ, ਫੇਰ ਜਿੰਦ ਦੇ ਨਾਲ ਪਿਆਰ ਕਾਹਦਾ।
ਜਿੰਨਾ ਕਰੋ ਛੇਤੀ ਉਨਾ ਹੋਊ ਛੇਤੀ, ਭਲੇ ਕੰਮ ਦੇ ਲਈ ਇੰਤਜ਼ਾਰ ਕਾਹਦਾ।

(੫) ਛਾਲੇ ਪਏ ਨੇ ਦੇਸ਼ ਦੇ ਦਿਲ ਉੱਤੇ, ਅੱਜ ਸਾਰੇ ਹੀ ਓਹ ਮਿਟਾ ਦਿਆਂਗਾ।
ਖ਼ੂਨ ਜੰਮਿਆਂ ਪਿਆ ਜਵਾਨੀਆਂ ਦਾ, ਅੱਜ ਸਾਰਾ ਹੀ ਓਹ ਗਰਮਾ ਦਿਆਂਗਾ।
ਕਿਵੇਂ ਸਚਾਈ ਦੀ ਹਰ ਥਾਂ ਜਿਤ ਹੁੰਦੀ, ਜ਼ਿੰਦਾ ਇਕ ਮਿਸਾਲ ਬਣਾ ਦਿਆਂ ਗਾ।
ਭੁੱਲੀ ਰਾਹ ਹੈ ਦੁਨੀਆਂ ਸ਼ਾਂਤੀ ਦਾ, ਓਹ ਸ਼ਾਂਤੀ ਰਾਹ ਦਿਖਾ ਦਿਆਂ ਗਾ।
ਅੱਜ ਸਿੱਖੀ ਦੀ ਇਥੇ ਇੱਟ ਧਰਤੀ, ਪੈਦਾ ਹੋਣਗੇ ਲਖਾਂ ਬਲਵਾਨ ਏਥੇ।
ਹੋਊ ਕਿਸ ਦਿਨ ਸਿਖਾਂ ਦਾ ਰਾਜ ਏਥੇ, ਝੁੱਲੂ ਕੇਸਰੀ ਕਦੀ ਨਿਸ਼ਾਨ ਏਥੇ।

(੬) ਮੀਆਂ ਮੀਰ ਤੂੰ ਫਿਕਰ ਨ ਕਰ ਬਹੁਤਾ, ਜੰਮਿਆ ਕੋਈ ਨਹੀਂ ਸਿੱਖੀ ਮਿਟਾਨ ਵਾਲਾ।
ਦਸਵੇਂ ਜਾਮੇ ਵਿੱਚ ਗੁਰੂ ਗੋਬਿੰਦ ਆਊ, ਬੱਚੇ ਨੀਹਾਂ ਵਿਚ ਚਿਨਵਾਨ ਵਾਲਾ।
ਅੰਮ੍ਰਿਤ ਛਕਾ ਕੇ ਸਿੱਖਾਂ ਨੂੰ ਸ਼ੇਰ ਕਰ ਦੂ, ਗੁਰੂ ਚੇਲਾ ਆਪ ਅਖਵਾਨ ਵਾਲਾ।
ਚੱਪੇ ਚੱਪੇ ਤੇ ਸੂਰਮਾ ਹੋਊ ਪੈਦਾ, ਬਿਨਾਂ ਸੀਸ ਤੋਂ ਖੰਡਾ ਖੜਕਾਂਣ ਵਾਲਾ।
ਇੰਨੀ ਕਹਿ ਕੇ ਰਾਵੀ ਅਲੋਪ ਹੋ ਗਏ, ਕਹਿੰਦੇ ਆਖਿਰੀ ਇਹ ਦੀਦਾਰ ਸਿੱਖੋ।
"ਗੌਹਰ" ਪੂਜਿਓ ਗੁਰੂ ਗ੍ਰੰਥ ਤਾਈਂ, ਕਰਿਓ ਬਾਣੀ ਦੇ ਨਾਲ ਪਿਆਰ ਸਿੱਖੋ।



www.AKJ.Org

## ਗੁਰਬਾਣੀ ਦੀ ਅਕਥ ਕਥਾ

*ਧੁਰੋਂ ਆਈ ਬਾਣੀ, ਗੁਰਬਾਣੀ ਦੀ ਅਕਥ ਕਥਾ ਹੈ। ਜੋ ਗੁਰੂ ਨਾਨਕ ਸਾਹਿਬ ਦੇ ਘਰ ਦੇ ਤੱਤ ਦੇ ਗਿਆਨੀ ਖਾਸ ਗੁਰਮਤਿ ਗਿਆਨੀ ਹਨ, ਉਹ ਇਸ ਅੰਮ੍ਰਿਤ ਰੂਪ ਗੁਰਬਾਣੀ ਨੂੰ ਜਪ ਕੇ ਜੀਉਂਦੇ ਹਨ। ਗੁਰਬਾਣੀ ਨੂੰ ਜਪਣਾ, ਜਪੀ ਜਾਣਾ, ਇਸ ਜੀਵਨ ਅਧਾਰ ਅੰਮ੍ਰਿਤ ਬਾਣੀ ਦਾ ਪਾਠ ਕਰਨਾ ਤੇ ਪ੍ਰੇਮ ਪਾਠ ਕਰੀ ਜਾਣਾ ਹੀ ਗੁਰਬਾਣੀ ਦੀ ਅਕਥ ਕਥਾ ਹੈ। ਅਕਥ ਕਥਾ ਸੋ, ਜੋ ਕਥਨੀ ਬਦਨੀ ਵਿਚ ਨਾ ਆ ਸਕੇ, ਕੇਵਲ ਜਪੀ ਪਠੀ ਹੀ ਪਰਵਾਨ ਹੋਵੇ। ਅੰਮ੍ਰਿਤ ਰੂਪ ਗੁਰਬਾਣੀ ਦਾ ਜਪਣਾ ਹੀ ਪਾਰਸ ਕਲਾ ਸੰਪੰਨ ਹੈ।* ("ਚਰਨ ਕਮਲ ਦੀ ਮਉਜ" ਨਾਮਕ ਪੁਸਤਕ ਵਿਚੋਂ)

### ਸੂਚਨਾ

1. ਸਮੂਹ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀਵਾਰ ਸਰੂਪ ਭੇਟਾ ਰਹਿਤ ਹਾਸਲ ਕਰਨ ਲਈ ਹੇਠ ਲਿਖੇ ਪਤੇ ਤੇ ਸੰਪਰਕ ਕਰੋ ਜੀ।
2. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਿਰਧ ਸਰੂਪ, ਗੁਟਕੇ ਤੇ ਪੋਥੀਆ ਦੀ ਅਦਬ ਸਤਿਕਾਰ ਸਹਿਤ ਅਗਨ ਭੇਟ ਸੇਵਾ ਇਸ ਅਸਥਾਨ ਤੇ ਹੁੰਦੀ ਹੈ। ਕ੍ਰਿਪਾ ਕਰਕੇ ਸੰਪਰਕ ਕਰੋ ਜੀ।

ਗੁਰਦੁਆਰਾ ਪ੍ਰਭੂ ਸਿਮਰਨ ਕੇਂਦਰ Ph. 456575, 459475
ਛੋਟੀ ਜਵੱਦੀ (ਨੇੜੇ ਮਾਡਲ ਟਾਊਨ ਐਕਸਟੈਂਸ਼ਨ) ਲੁਧਿਆਣਾ

### ਫ੍ਰੀ ਲਿਟਰੇਚਰ ਫੰਡ ਵਿਚ ਆਪਣਾ ਹਿੱਸਾ ਪਾਓ ਜੀ।

ਗੁਰਮਤਿ ਪ੍ਰਚਾਰ ਨੂੰ ਮੁੱਖ ਰੱਖਦਿਆਂ ਫ੍ਰੀ ਲਿਟਰੇਚਰ ਫੰਡ ਵਿੱਚ ਆਪਣੀ ਕਮਾਈ ਦਾ ਦਸਵੰਧ ਜਮ੍ਹਾਂ ਕਰਵਾ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ। ਮਾਇਆ '*ਸੂਰਾ*' ਦੇ ਸਬ-ਆਫ਼ਿਸ ਗੁ: ਗੁਰੂ ਸਿੰਘ ਸਭਾ, ਮਾਡਲ ਟਾਊਨ ਲੁਧਿਆਣਾ-2 ਜਾਂ '*ਸੂਰਾ*' ਦੇ ਕਿਸੇ ਵੀ ਸਟਾਲ ਤੇ ਜਮ੍ਹਾਂ ਕਰਵਾ ਕੇ ਰਸੀਦ ਲਵੋ ਜੀ।

### ਪਾਠਕਾਂ ਪ੍ਰਤੀ ਅਤਿ ਜ਼ਰੂਰੀ ਬੇਨਤੀ

1.ਕਿਸੇ ਵੀ ਕਿਸਮ ਦੇ ਚਿੱਠੀ ਆਦਿ ਕਰਨ ਵਾਲੇ ਆਪਣਾ ਪੂਰਾ ਪਤਾ ਤੇ ਚਿੱਟ ਨੰਬਰ ਜ਼ਰੂਰ ਲਿਖੋ ਜੀ। 2.ਚੈੱਕ, ਡਰਾਫ਼ਟ ਆਦਿ ਭੇਜਣ ਵੇਲੇ ਚਿੱਠੀ ਰਾਹੀਂ ਆਪਣਾ ਪਤਾ, ਚਿੱਟ ਨੰਬਰ ਤੇ ਮਾਇਆ ਭੇਜਣ ਬਾਰੇ ਲਿਖੋ ਜੀ। 3.ਮਨੀਆਡਰ ਫਾਰਮ ਉੱਤੇ ਸੰਦੇਸ਼ ਵਾਲੀ ਥਾਂ ਤੇ ਆਪਣਾ ਪੂਰਾ ਪਤਾ, ਚਿੱਟ ਨੰ:, ਮਾਇਆ ਦੀ ਗਿਣਤੀ ਤੇ ਭੇਜਣ ਦਾ ਮਨੋਰਥ ਲਿਖੋ ਜੀ।

ਸੰਪਾਦਕ

### ਹਿਮਾਚਲ ਪ੍ਰਦੇਸ਼ ਵਿਚ ਪੱਤਰ ਅੱਧੇ ਚੰਦੇ ਤੇ:-

ਜੋ ਵੀਰ ਭੈਣ ਸੂਰਾ ਪੱਤਰ ਪੜ੍ਹਨ ਵਿਚ ਰੁਚੀ ਰੱਖਦੇ ਹੋਣ ਉਹ ਹੇਠ ਲਿਖੇ ਪਤੇ ਤੇ ਅੱਧਾ ਚੰਦਾ ਭੇਜ ਕੇ ਸੂਰਾ ਲਗਵਾ ਸਕਦੇ ਹਨ :-ਦਾਸ-ਪਰਮਜੀਤ ਸਿੰਘ, ਗੁਰੂ ਰਾਖਾ ਐਂਟਰਪ੍ਰਾਈਜਿਜ਼ ਪਾਉਂਟਾ ਸਾਹਿਬ ਟੈਲੀਫੋਨ 01704-2367

### ਸੂਰਾ ਪੱਤਰ ਨੂੰ ਪੁੱਜੀ ਸਹਾਇਤਾ

| | | | |
|---|---|---|---|
| ਗੁਪਤ | ੧੦੦/- | ਬੀਬੀ ਤ੍ਰਿਲੋਚਨ ਕੌਰ ਮੁਹਾਲੀ | ੪੦੦/- |
| ਸ: ਨਾਨਕ ਸਿੰਘ | ੧੬੦/- | ਸ: ਮਹਿੰਦਰ ਸਿੰਘ | ੨੧੩੧/- |

### ਫਰੀ ਲਿਟਰੇਚਰ ਫੰਡ ਲਈ ਪੁੱਜੀ ਸਹਾਇਤਾ

| | | | |
|---|---|---|---|
| ਸ: ਪਰਮਜੀਤ ਸਿੰਘ ਸੰਗਰੂਰ | ੫੦/- | ਭਾਈ ਬੂੜ ਸਿੰਘ ਜੀ | ੨੦੦/- |
| ਗੁਪਤ | ੧੦੦/- | ਸ: ਜਸਪਿੰਦਰ ਸਿੰਘ | ੧੦੦/- |
| ਗੁਪਤ | ੫੦/- | | |

### ਯੂ: ਕੇ ਵਿਚ ਮੋਖ ਰਹਿਤ ਗੁਰਮਤਿ ਦੀਆਂ ਪੁਸਤਕਾਂ

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਲਿਖਤ ਅਤੇ ਹੋਰ ਗੁਰਮਤਿ ਦੀਆਂ ਮੋਖ ਰਹਿਤ ਪੁਸਤਕਾਂ ਡਾਕ ਖਰਚ ਭੇਜ ਕੇ ਹੇਠ ਲਿਖੇ ਪਤੇ ਤੋਂ ਮੰਗਵਾਂ ਕੇ ਆਪ ਪੜ੍ਹੋ ਤੇ ਹੋਰਨਾਂ ਨੂੰ ਪੜ੍ਹਾਓ ਜੀ।

ਭਾਈ ਮਦਨ ਸਿੰਘ 11-AApollo Way PERRYBARR BIRMINGHIM-20(U.K.)

www.AKJ.Org

Regd. No./12245/66 SURA/JUNE/97 P.O. Regd. No. PB/LD/121/97

ਹੁਸ਼ਿਆਰਪੁਰ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ 6 ਤੋਂ 10 ਜੂਨ ਵੇਰਵਾ ਮਈ ਅੰਕ ਵਿੱਚ ਦੇਖੋ।

ਮਾਸਿਕ ਰੈਣ ਸਬਾਈ ਕੀਰਤਨ ਗੁ: ਫਲਾਹੀ ਸਾਹਿਬ ਪਿੰਡ ਦੁਲਏ (ਲੁਧਿਆਣਾ) ਵਿਖੇ 14 ਜੂਨ ਰਾਤ ਨੂੰ।

ਗੁ: ਜਨਮ ਅਸਥਾਨ, ਗੁਰੂ ਕੀ ਵਡਾਲੀ (ਅੰਮ੍ਰਿਤਸਰ) ਵਿਖੇ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ। ਗੁ: ਹਰਿਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ 21 ਜੂਨ ਸ਼ਨੀਵਾਰ ਸ਼ਾਮ 8 ਵਜੇ ਆਰੰਭ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ। ਆਇ ਦੀਦਾਰ ਬਖਸ਼ੋ ਜੀ।

ਕੁਮਾਰਹੱਟੀ ਵਿਖੇ ਭਾਈ ਰਣਧੀਰ ਸਿੰਘ ਜੀ ਦੇ ਜਨਮ ਦਿਨ ਦੇ ਸਬੰਧ ਵਿਚ ਰੈਣ ਸਬਾਈ 28 ਜੂਨ ਰਾਤ ਨੂੰ

## ਨਾਰੰਗਵਾਲ (ਲੁਧਿਆਣਾ) ਵਿਖੇ ਕੇਂਦਰੀ ਸਾਲਾਨਾ ਅਖੰਡ ਕੀਰਤਨ ਸਮਾਗਮ

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਜਨਮ ਦਿਵਸ ਤੇ ਉਨ੍ਹਾਂ ਦੇ ਨਗਰ ਪਿੰਡ ਨਾਰੰਗਵਾਲ ਵਿਖੇ ਹਰ ਸਾਲ ਦੀ ਤਰ੍ਹਾਂ ਹੇਠ ਲਿਖੇ ਅਖੰਡ ਕੀਰਤਨ ਸਮਾਗਮ ਕੀਤੇ ਜਾ ਰਹੇ ਹਨ। ਆਇ ਦੀਦਾਰ ਬਖਸ਼ੋ ਜੀ :-

ਸ਼ੁਕਰਵਾਰ 4 ਜੁਲਾਈ 1997 ਸਵੇਰੇ 4 ਤੋਂ 7 ਕੀਰਤਨ ਸ੍ਰੀ ਆਸਾ ਦੀ ਵਾਰ ਉਪ੍ਰੰਤ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਗੁ: ਸਾਹਿਬ ਹਵੇਲੀ ਵਿਖੇ। ਸ਼ਾਮ 7 ਤੋਂ 9 ਅਖੰਡ ਕੀਰਤਨ ਗੁ: ਅਕਾਲੀ ਵਾਲਾ ਵਿਖੇ,

ਸ਼ਨੀਵਾਰ 5 ਜੁਲਾਈ 1997 ਸਵੇਰੇ 5 ਤੋਂ 11 ਤੱਕ ਅਖੰਡ ਕੀਰਤਨ ਗੁ: ਅਕਾਲੀ ਵਾਲਾ ਵਿਖੇ,
ਸ਼ਾਮ 7 ਤੋਂ 9 ਤੱਕ ਅਖੰਡ ਕੀਰਤਨ ਗੁ: ਅਕਾਲੀ ਵਾਲਾ ਵਿਖੇ,

ਐਤਵਾਰ 6 ਜੁਲਾਈ 1997 ਸਵੇਰੇ 6 ਵਜੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪ੍ਰੰਤ ਅਖੰਡ ਕੀਰਤਨ ਦੁਪਹਿਰ ਤੱਕ ਗੁ: ਸਾਹਿਬ ਹਵੇਲੀ ਵਿਖੇ। ਸ਼ਾਮ 7 ਵਜੇ ਸੋਦਰ ਉਪ੍ਰੰਤ ਆਰੰਭ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ ਗੁ: ਅਕਾਲੀ ਵਾਲਾ

ਨੋਟ :- ਸਾਰੇ ਸਮਾਗਮਾਂ ਵਾਸਤੇ ਸੰਗਤਾਂ ਨੂੰ ਲਿਜਾਣ ਅਤੇ ਲਿਆਉਣ ਦਾ ਪ੍ਰਬੰਧ ਗੁ: ਸਿੰਘ ਸਭਾ ਮਾਡਲ ਟਾਊਨ ਵਿਖੇ ਹੋਵੇਗਾ।

ਦਾਸਰੇ :- ਅਖੰਡ ਕੀਰਤਨੀ ਜੱਥਾ ਤੇ ਇਲਾਕਾ ਨਿਵਾਸੀ ਸੰਗਤ ਨਾਰੰਗਵਾਲ।

## ਵਿਦੇਸ਼ਾਂ ਵਿਚ ਅਖੰਡ ਕੀਰਤਨ ਸਮਾਗਮ

1. ਅਖੰਡ ਪਾਠ ਸਾਹਿਬ ਤੇ ਅਖੰਡ ਕੀਰਤਨ 27 ਤੋਂ 29 ਜੂਨ ਬੀਬੀ ਗੁਰਦਿਆਲ ਕੌਰ ਦੇ ਗ੍ਰਹਿ 56, GRANGE ROAD, SOUTHHALL, LONDON. ਹੋਰ ਜਾਣਕਾਰੀ ਲਈ ਭਾਈ ਜਸਪਾਲ ਸਿੰਘ Tel. 0181-571-3809

2.. ਟੋਰਾਂਟੋ ਵਿਖੇ ਅਖੰਡ ਕੀਰਤਨ ਸਮਾਗਮ

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਯਾਦ ਵਿਚ ਟੋਰਾਂਟੋ ਵਿਖੇ ਸਾਰੇ ਗੁਰਦੁਵਾਰਿਆਂ ਵਿਚ 27 ਜੂਨ ਤੋਂ 6 ਜੁਲਾਈ ਤੱਕ ਅਖੰਡ ਕੀਰਤਨ ਹੋਣਗੇ। 5 ਅਤੇ 6 ਜੁਲਾਈ ਦੀ ਦਰਮਿਆਨੀ ਰਾਤ ਨੂੰ ਰੈਣ ਸਬਾਈ ਕੀਰਤਨ ਹੋਣਗੇ। ਬਾਹਰੋਂ ਆਉਣ ਵਾਲੀਆਂ ਸਾਰੀਆਂ ਸੰਗਤਾਂ ਨੂੰ ਠਹਿਰਾਉਣ ਲਈ ਪਹਿਲਾਂ ਸੂਚਨਾ ਦੇ ਆਧਾਰ ਤੇ ਢੁਕੱਵਾਂ ਪ੍ਰਬੰਧ ਕੀਤਾ ਜਾਵੇਗਾ। ਹੋਰ ਸੂਚਨਾ ਲਈ ਟੈਲੀਫੋਨ ਨੰਬਰ 905-456-2577 ਤੇ ਸੰਪਰਕ ਕਰੋ ਜੀ।

ਦਾਸਰਾ:- ਡਾਕਟਰ ਦਰਸ਼ਨ ਸਿੰਘ, ਅਖੰਡ ਕੀਰਤਨੀ ਜੱਥਾ ਟੋਰਾਂਟੋ।

3. ਯੂ: ਕੇ. ਵਿਖੇ ਅੰਤਰਰਾਸਟਰੀ ਕੀਰਤਨ ਸਮਾਗਮ 11 ਅਗਸਤ ਤੋਂ 16 ਅਗਸਤ 1997 ਸਾਰੇ ਪ੍ਰੋਗ੍ਰਾਮਾ ਦਾ ਵੇਰਵਾ ਅਗਲੇ ਪਰਚੇ ਵਿਚ ਛਪੇਗਾ। ਪੁੱਛ-ਗਿਛ:-ਸ੍ਰ: ਤਰਲੋਚਨ ਸਿੰਘ, DY4 8TS,U.K. Tel. 0121-5200651

## (ਗੁਰਮਤਿ ਵਿਚਾਰ )

*ਬੜੇ ਅਸਚਰਜ ਦੀ ਗੱਲ ਹੈ ਕਿ ਤਮਾਕੂ ਦੇ ਤਨਖਾਹੀ ਸਿੱਖ ਤਾਂ ਪਤਿਤ ਕਰਮੀ ਸਮਝੇ ਜਾਣ ਕਰਕੇ ਪੰਥ ਵਿਚੋਂ (ਖਾਰਜ ਕੀਤੇ) ਜਾਂਦੇ ਹਨ ਪ੍ਰੰਤੂ ਖੁਲ੍ਹਮਖੁਲਾ ਤਮਾਕੂ ਵਰਤਣ ਭਖਣਹਾਰਿਆਂ ਨਾਲ ਖਾਨ ਪਾਨ ਦੇ ਵਰਤ਼ਾਰੇ ਦੀ ਖੁੱਲ੍ਹ ਖੇਡ ਵਿਚ ਰੰਚਕ ਭੀ ਭੈ ਭਰਮ ਨ ਰਖਿਆ ਜਾਵੇ। ਕਿ ਇਹ ਚਗਲ-ਪੰਥੀ ਹੋਣ ਦੇ ਕੁੱਲਛਣ ਨਹੀਂ ,ਹਨ? ਕੀ ਇਹ ਗੁਰਮਤ ਅਸੂਲਾਂ ਤੋਂ ਬੇਮੁਖ ਹੋਣਾ ਨਹੀਂ ਹੈ ? ਕੀ ਇਹ ਪਵਿਤ੍ਰ ਅੰਮ੍ਰਿਤ ਮਰਯਾਦਾ ਦੇ ਸਮੇਂ ਦ੍ਰਿੜਾਏ ਸ੍ਰੀ ਦਸਮੇਸ਼ ਜੀ ਦੇ ਹੁਕਮਾਂ ਨੂੰ ਲਿਤਾੜਨਾ ਨਹੀਂ ? ਅਤੇ ਇਸ ਬਿਧਿ ਰਹਿਤ ਰਹਿਣੀ ਦੇ "ਰਹਿਣੀ ਰਹੇ ਸੋਈ ਸਿਖ ਮੇਰਾ" ਵਾਲੇ ਹੁਕਮਾਂ ਨੂੰ ਲਤਾੜਨਾ, ਅੰਮ੍ਰਿਤ ਧਾਰੀ ਸਿੰਘ ਦੀ ਪਦਵੀ ਤੋਂ ਪਤਿਤ ਹੋਣਾ ਨਹੀਂ? ਭੰਗ ਦੇ ਭਾੜੇ, ਕਉਡੀ ਬਦਲੇ ਰਤਨ ਤਿਆਗਣ ਵਾਲੀ ਗੱਲ ਹੈ।* (ਗੁਰਮਤਿ ਬਿਬੇਕ' ਪੁਸਤਕ ਵਿਚੋਂ



www.AKJ.Org